i-Sigma's

# ਪੰਜਾਬੀ

## ਰਾਵੀ ਫੌਂਟ

## ਟਾਈਪਿੰਗ ਟਿਊਟਰ

{ ਪ੍ਰੈਕਟਿਸ ਪੈਰ੍ਹਿਆਂ ਸਮੇਤ }

ਲੇਖਕ- ਗੁਰਵਿੰਦਰ ਸਿੰਘ

ਭੇਟਾ- 50 ਰੁਪਏ

# ਦੋ ਸ਼ਬਦ

ਇਹ ਕਿਤਾਬ ਸਮਰਪਿਤ ਹੈ ਉਸ ਪਰਮ ਸ਼ਕਤੀ ਸਰਵ ਵਿਆਪੀ ਪ੍ਰਮਾਤਮਾ ਜੀ ਨੂੰ ਜਿਨ੍ਹਾਂ ਨੇ ਸਾਨੂੰ ਇਹ ਅਨਮੋਲ ਜੀਵਨ ਬਖਸ਼ਿਆ ਕੁਛ ਸਿੱਖਣ ਸਮਝਣ ਅਤੇ ਵਿਚਾਰ ਕਰਨ ਦੇ ਸਮਰੱਥ ਬਣਾਇਆ ਅਤੇ ਸਿੱਖਿਆ ਅਤੇ ਵਿਚਾਰ ਨੂੰ ਆਪਣੇ ਪਰਿਵਾਰ, ਮਿੱਤਰਾਂ ਅਤੇ ਸਾਰੀ ਮਨੁੱਖਤਾ ਨਾਲ ਸਾਂਝਾ ਕਰਨ ਦੇ ਕਾਬਿਲ ਬਣਾਇਆ। ਇਸ ਕਿਤਾਬ ਨੂੰ ਲਿਖਣ ਦੀ ਪ੍ਰੇਰਨਾ ਮੈਨੂੰ ਮੇਰੇ ਮਾਤਾ-ਪਿਤਾ, ਮੇਰੀ ਵੱਡੀ ਭੈਣ ਅਤੇ ਮੇਰੇ ਜੀਵਨ ਸਾਥੀ ਤੋਂ ਮਿਲੀ ਜਿਨ੍ਹਾਂ ਨੇ ਹਰ ਕਦਮ ਤੇ ਮੇਰਾ ਸਾਥ ਦਿੱਤਾ ਤੇ ਮੇਰੇ ਹਰ ਫੈਸਲੇ ਵਿੱਚ ਮੇਰਾ ਸਾਥ ਦਿੰਦੇ ਹੋਏ ਇਸ ਕਿਤਾਬ ਲਈ ਆਪਣੇ ਵਿਚਾਰ ਅਤੇ ਤਰਕ ਪ੍ਰਗਟ ਕੀਤੇ।

# ਉਦੇਸ਼

ਮੇਰਾ ਇਸ ਕਿਤਾਬ ਨੂੰ ਲਿਖਣ ਦਾ ਮੁੱਖ ਉਦੇਸ਼ ਕਿ ਮੇਰਾ ਹਰ ਪੰਜਾਬੀ ਵੀਰ ਭੈਣ ਕਿਤਾਬੀ ਗਿਆਨ ਦੇ ਨਾਲ ਨਾਲ ਵਧਦੀ ਤਕਨਾਲੋਜੀ ਦੇ ਦੌਰ ਵਿੱਚ ਟਾਈਪਿੰਗ ਕਲਾ ਵਿੱਚ ਨਿਪੁੰਨ ਹੋ ਕੇ ਆਪਣੇ ਆਪ ਨੂੰ ਆਉਣ ਵਾਲੇ ਹਰ ਇਮਤਿਹਾਨ ਲਈ ਤਿਆਰ ਕਰ ਸਕੇ, ਤਾਂ ਕਿ ਉਹ ਵਧਦੇ ਜਾਂਦੇ ਮੁਕਾਬਲੇ ਦੇ ਸਤਰ ਨਾਲ ਆਪਣੇ ਆਪ ਨੂੰ ਤਿਆਰ ਕਰ ਸਕਣ ਅਤੇ ਪੂਰੇ ਜੋਸ਼ੋ ਖਰੋਸ਼ ਨਾਲ ਮੁਕਾਬਲੇ ਵਿੱਚ ਹਿੱਸਾ ਲੈ ਕੇ ਜਿੱਤ ਹਾਸਲ ਕਰਨ।

# 300 ਸਾਲਾ ਗੁਰਤਾ ਗੱਦੀ ਬਾਰੇ ਸੈਮੀਨਾਰ

ਪ੍ਰਿੰਸੀਪਲ ਸਾਹਿਬ,

ਦੇਸ਼ਬੰਧੂ ਕਾਲਜ, ਕਾਲਕਾ ਜੀ,

ਨਵੀਂ ਦਿੱਲੀ।

ਵਿਸ਼ਾ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ''ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਾਨਵਤਾ ਦਾ ਸੰਦੇਸ਼'' ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਵਿੱਚ ਸ਼ਮੂਲੀਅਤ ਸੰਬੰਧੀ।

ਸਤਿਕਾਰਤ ਪ੍ਰਿੰਸੀਪਲ ਸਾਹਿਬ,

ਮੈਨੂੰ ਆਪ ਜੀ ਨੂੰ ਇਹ ਦੱਸਦਿਆਂ ਅਥਾਹ ਖੁਸ਼ੀ ਹੋ ਰਹੀ ਹੈ ਕਿ ਖ਼ਾਲਸਾ ਕਾਲਜ, ਪਟਿਆਲਾ ਵਿਖੇ ਮਿਤੀ 20-10-2008 ਨੂੰ ਸਵੇਰੇ 10-30 ਵਜੇ ਤੋਂ ਸ਼ਾਮ 4-30 ਵਜੇ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ''ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਨਵਤਾ ਦਾ ਸੰਦੇਸ਼'' ਵਿਸ਼ੇ ਉਪਰ ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਵਿਚ ਮਾਨਯੋਗ ਜਥੇਦਾਰ ਅਵਤਾਰ ਸਿੰਘ ਜੀ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ ਅਤੇ ਡਾ.ਜਸਪਾਲ ਸਿੰਘ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਇਸ ਦੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਨਗੇ।

ਸੈਮੀਨਾਰ ਦੋ ਸੈਸ਼ਨ ਵਿਚ ਕੀਤਾ ਜਾ ਰਿਹਾ ਹੈ। ਉਦਘਾਟਨੀ ਸੈਸ਼ਨ 11 ਵਜੇ ਤੋਂ ਬਾਅਦ ਦੁਪਹਿਰ 1-30 ਵਜੇ ਤਕ ਅਤੇ ਅਕਾਦਮਿਕ ਸੈਸ਼ਨ ਬਾਅਦ ਦੁਪਹਿਰ 2-30 ਤੋਂ 4-30 ਵਜੇ ਤੱਕ ਹੋਵੇਗਾ।

ਆਪ ਜੀ ਨੂੰ ਇਸ ਸੈਮੀਨਾਰ ਵਿੱਚ ਸ਼ਿਰਕਤ ਕਰਨ ਅਤੇ ਅਕਾਦਮਿਕ ਸੈਸ਼ਨ ਵਿੱਚ ਪੇਪਰ ਪੇਸ਼ ਕਰਨ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਆਪ ਜੀ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਸੈਮੀਨਾਰ ਦੇ ਅਕਾਦਮਿਕ ਸੈਸ਼ਨ ਲਈ ਆਪਣੇ ਕਾਲਜ ਦੇ ਰੁਚੀ ਰੱਖਣ ਵਾਲੇ ਵਿਦਵਾਨ ਅਧਿਆਪਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਨਵੀ ਪੱਖਾਂ ਨਾਲ ਸੰਬੰਧਤ ਕਿਸੇ ਵੀ ਵਿਸ਼ੇ ਉਪਰ ਪਰਚਾ ਲਿਖਣ ਅਤੇ ਪੜ੍ਹਨ ਲਈ ਪ੍ਰੇਰਿਆ ਜਾਵੇ। ਪਰਚਾ ਪੇਸ਼ ਕਰਨ ਵਾਲੇ ਅਧਿਆਪਕਾਂ ਦਾ ਵੇਰਵਾ ਅਤੇ ਪਰਚੇ ਦੀ ਕਾਪੀ ਨਿਮਨ ਹਸਤਾਖ਼ਰੀ ਨੂੰ 20 ਸਤੰਬਰ, 2008 ਤਕ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਜੋ ਸੈਮੀਨਾਰ ਸਬੰਧੀ ਬਿਹਤਰ ਯੋਜਨਾ ਬਣਾਈ ਜਾ ਸਕੇ। ਚੋਣਵੇਂ ਪਰਚਿਆਂ ਨੂੰ ਕਿਤਾਬ ਦੇ ਰੂਪ ਵਿਚ ਛਪਵਾਉਣ ਦਾ ਉਪਰਾਲਾ ਕੀਤਾ ਜਾਵੇਗਾ।

ਆਪ ਜੀ ਦੇ ਭਰਪੂਰ ਸਹਿਯੋਗ ਦੀ ਆਸ ਵਿੱਚ,

ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸ ਪਾਤਰ

ਸਹੀ/-

ਡਾ.ਧਰਮਿੰਦਰ ਸਿੰਘ ਉੱਭਾ,

ਪ੍ਰਿੰਸੀਪਲ

ਖ਼ਾਲਸਾ ਕਾਲਜ

ਪਟਿਆਲਾ

# ਇਸ ਕਿਤਾਬ ਬਾਰੇ

ਪੰਜਾਬੀ ਰਾਵੀ ਟਾਈਪਿੰਗ ਟਿਊਟਰ ਕਿਤਾਬ ਉਹਨਾਂ ਸਾਰੇ ਸਿਖਾਂਦਰੂਆਂ ਲਈ ਅਤੇ ਸਾਰੇ ਪੰਜਾਬੀ ਟਾਈਪਿੰਗ ਸਿੱਖਣ ਦੇ ਚਾਹਵਾਨਾਂ ਲਈ ਇੱਕ ਆਦਰਸ਼ਕ ਕਿਤਾਬ ਹੈ। ਇਸ ਦੇ ਨਾਲ ਨਾਲ ਇਹ ਕਿਤਾਬ ਉਹਨਾਂ ਉਮੀਦਵਾਰਾਂ ਲਈ ਵੀ ਬਹੁਤ ਲਾਹੇਵੰਦ ਹੈ ਜੋ ਪੰਜਾਬ ਸਰਕਾਰ ਅਧੀਨ ਕਿਸੇ ਅਦਾਰੇ ਵਿੱਚ ਟਾਈਪਿੰਗ ਅਧਾਰਿਤ ਨੌਕਰੀ ਲਈ ਤਿਆਰੀ ਕਰ ਰਹੇ ਹਨ। ਕਿਉਂਕਿ ਇਸ ਕਿਤਾਬ ਵਿੱਚ ਪੰਜਾਬ ਦੇ ਸਾਰੇ ਅਦਾਰਿਆਂ ਵੱਲੋਂ ਲਏ ਗਏ ਟਾਈਪਿੰਗ ਟੈਸਟ ਦੇ ਤਜ਼ਰਬੇ ਦੇ ਆਧਾਰ ਤੇ ਪ੍ਰੈਕਟਿਸ ਪੈਰ੍ਹੇ ਬਣਾਏ ਗਏ ਹਨ। ਜਿਸ ਵਿੱਚ ਬੇਸਿਕ ਪ੍ਰੈਕਟਿਸ ਦੇ ਨਾਲ ਨਾਲ ਲੋੜ ਮੁਤਾਬਿਕ ਵਾਕ ਬਣਾਉਣ ਲਈ ਟਾਈਪਿੰਗ, ਛੋਟੇ ਪੈਰ੍ਹੇ, ਲੰਮੇ ਪੈਰ੍ਹੇ, ਅਤੇ ਚੰਕ ਸਿਸਟਮ ਆਧਾਰਿਤ ਪੈਰ੍ਹੇ ( ਜੋ ਕਿ ਪੰਜਾਬ ਦੇ ਆਦਾਰਿਆਂ ਵੱਲੋਂ ਲਏ ਗਏ ਟੈਸਟਾਂ ਦੀਆਂ ਨਵੀਨਤਮ ਹਦਾਇਤਾ ਦੇ ਮੁਤਾਬਿਕ ਹਨ) ਵੀ ਉਮੀਦਵਾਰਾਂ ਲਈ ਬਣਾਏ ਗਏ ਹਨ। ਤਾਂ ਜੋ ਉਹ ਆਉਣ ਵਾਲੇ ਹਰ ਟੈਸਟ ਲਈ ਤਿਆਰ ਰਹਿਣ। ਇਸ ਦੇ ਨਾਲ ਨਾਲ ਪੰਜਾਬ ਦੇ ਵੱਖ ਵੱਖ ਵਿਭਾਗਾਂ ਵਿੱਚ ਵਰਤੀ ਜਾਣ ਵਾਲੀ ਪੱਤਰ ਵਿਹਾਰ ਦੀ ਕਾਰਜ ਸ਼ੈਲੀ ਦੇ ਆਧਾਰ ਤੇ ਕੁਝ ਅਭਿਆਸ ਵੀ ਇਸ ਵਿੱਚ ਸ਼ਾਮਲ ਹਨ। ਇਸ ਲਈ ਪੰਜਾਬ ਦੇ ਸਰਕਾਰੀ ਅਦਾਰਿਆਂ ਵਿਚ ਮੌਜੂਦਾ ਸਮੇਂ ਵਿੱਚ ਕੰਮ ਕਰ ਰਹੇ ਕਲਰਕਾਂ, ਟਾਈਪਿਸਟ, ਅਤੇ ਹੋਰਨਾਂ ਕਰਮਚਾਰੀਆਂ ਲਈ ਇਹ ਕਿਤਾਬ ਬਹੁਤ ਮਦਦਗਾਰ ਸਾਬਿਤ ਹੋਵੇਗੀ।

ਇਸ ਕਿਤਾਬ ਅੰਦਰ ਸੰਕਲਿਤ ਕੀਤੇ ਗਏ ਪ੍ਰੈਕਟਿਸ ਲਈ ਪੈਰ੍ਹੇ ਸਾਧਾਰਣ ਗਿਆਨ ਲਈ ਵੀ ਬਹੁਤ ਵਧੀਆ ਸੋਮਾ ਹਨ, ਕਿਉਂਕਿ ਇਨ੍ਹਾਂ ਪੈਰ੍ਹਿਆਂ ਵਿੱਚ ਪੰਜਾਬ ਦੇ ਵਿਰਸੇ, ਰਾਜਨੀਤੀ, ਆਰਥਿਕ ਅਤੇ ਰਾਸ਼ਟਰੀ ਅੰਤਰਰਾਸ਼ਟਰੀ ਸਾਧਾਰਣ ਗਿਆਨ , ਖੇਤੀਬਾੜੀ, ਸਾਇੰਸ ਅਤੇ ਤਕਨਾਲੋਜੀ, ਉੱਘੇ ਸਾਇੰਸਦਾਨਾਂ ਅਤੇ ਮਹਾਨ ਹਸਤੀਆਂ ਦੀਆਂ ਜੀਵਨੀਆਂ ਅਤੇ ਕੁਝ ਮਹੱਤਵਪੂਰਨ ਇਤਿਹਾਸਿਕ ਘਟਨਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਲਈ ਇਹ ਕਿਤਾਬ ਟਾਈਪਿੰਗ ਦੇ ਨਾਲ ਨਾਲ ਸਿਖਾਂਦਰੂਆਂ ਦੇ ਸਮੁੱਚੇ ਗਿਆਨ ਵਿੱਚ ਵਾਧੇ ਲਈ ਲਾਹੇਵੰਦ ਹੈ।

## ਦੋਸਤ ਤੋਂ ਉਧਾਰ ਲੈਣ ਲਈ ਬੇਨਤੀ-ਪੱਤਰ

ਪਿਆਰੇ ਦੋਸਤ ਰਾਮ ਪ੍ਰਕਾਸ਼,

ਤੈਨੂੰ ਤਕਲੀਫ ਦੇ ਰਿਹਾ ਹਾਂ। ਮੇਰੀ ਬੇਟੀ ਦਾ ਵਿਆਹ ਅਗਲੇ ਮਹੀਨੇ ਹੋਣਾ ਤੈਅ ਹੋਇਆ ਹੈ। ਇਸ ਮੌਕੇ ਲਈ ਮੈਂ ਕੁਝ ਰੁਪਿਆਂ ਦੀ ਕਮੀ ਮਹਿਸੂਸ ਕਰ ਰਿਹਾ ਹਾਂ। ਇਸ ਲਈ ਤੇਰੇ ਤੋਂ ਮਦਦ ਦੀ ਆਸ ਰੱਖ ਰਿਹਾ ਹਾਂ। ਜੇ ਉਪਰੋਕਤ ਮੌਕੇ ਲਈ ਤੂੰ ਮੈਨੂੰ ਤੀਹ ਹਜ਼ਾਰ ਰੁਪਏ ਦੀ ਮਦਦ ਕਰ ਸਕੇਂ ਤਾਂ ਮੈਂ ਦਿਲੋਂ ਧੰਨਵਾਦੀ ਹੋਵਾਂਗਾ। ਇਸ ਮੌਕੇ ਤੇਰੇ ਵੱਲੋਂ ਕੀਤੀ ਮਦਦ ਮੇਰੀ ਚਿੰਤਾ ਘੱਟ ਕਰੇਗੀ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਜੇ ਤੂੰ ਮਦਦ ਕਰਨ ਦੇ ਯੋਗ ਹੈਂ ਤਾਂ ਇਨਕਾਰ ਬਿਲਕੁਲ ਨਹੀਂ ਕਰੇਂਗਾ।

ਹਮੇਸ਼ਾ ਲਈ ਤੇਰਾ

ਪਿਆਰਾ ਦੋਸਤ

## ਪਾਣੀ ਦੀ ਕਿੱਲਤ ਬਾਰੇ ਸ਼ਿਕਾਇਤੀ ਪੱਤਰ

ਸੰਪਾਦਕ,

ਨਿਊ ਹਿੰਦੋਸਤਾਨ ਟਾਈਮਜ਼,

ਨਵੀਂ ਦਿੱਲੀ-110002

ਵਿਸ਼ਾ: ਫਤਹਿ ਨਗਰ ਇਲਾਕੇ ਵਿਚ ਪਾਣੀ ਦੀ ਕਿੱਲਤ ਬਾਰੇ।

ਸ੍ਰੀਮਾਨ ਜੀ,

ਤੁਹਾਡੀ ਅਖ਼ਬਾਰ ਦੇ ਸ਼ਿਕਾਇਤੀ ਕਾਲਮ ਰਾਹੀਂ ਮੈਂ ਫਤਹਿ ਨਗਰ ਦੇ ਜਲ ਬੋਰਡ ਦਾ ਧਿਆਨ ਇਲਾਕੇ ਵਿਚ ਹੋ ਰਹੀ ਪਾਣੀ ਦੀ ਕਿੱਲਤ ਵੱਲ ਦੁਆਉਣਾ ਚਾਹੁੰਦਾ ਹਾਂ।

ਬੜੀ ਹੈਰਾਨੀ ਦੀ ਗੱਲ ਹੈ ਕਿ ਫਤਹਿ ਨਗਰ ਦੇ ਇਲਾਕਾ ਨਿਵਾਸੀਆਂ ਨੂੰ ਇਥੋਂ ਦਾ ਜਲ ਬੋਰਡ ਪਾਣੀ ਮੁਹੱਈਆ ਕਰਾਉਣ ਵਿਚ ਨਾਕਾਮਯਾਬ ਹੋ ਰਿਹਾ ਹੈ। ਸਾਡੇ ਇਲਾਕੇ ਵਿਚ ਸਵੇਰੇ-ਸ਼ਾਮ ਇੱਕ-ਇੱਕ ਘੰਟਾ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਬਾਕੀ ਸਾਰਾ ਦਿਨ ਨਲਕੇ ਸੁੱਕੇ ਹੀ ਰਹਿੰਦੇ ਹਨ।

ਇਲਾਕੇ ਨੂੰ ਸਾਰੇ ਦਿਨ ਵਿਚ ਦੋ ਘੰਟੇ ਪਾਣੀ ਮੁਹੱਈਆ ਕਰਾਇਆ ਜਾਂਦਾ ਹੈ, ਉਹ ਵੀ ਪੀਣ ਲਾਇਕ ਨਹੀਂ ਹੁੰਦਾ। ਸੰਬੰਧਿਤ ਅਫਸਰਾਂ ਨੂੰ ਕਈ ਵਾਰੀ ਸ਼ਿਕਾਇਤ ਕੀਤੀ ਹੈ ਪਰ ਕਦੇ ਵੀ ਕੋਈ ਸੁਣਵਾਈ ਨਹੀਂ ਕੀਤੀ ਗਈ। ਹਾਲ ਵਿਚ ਹੀ ਪਾਣੀ ਨਾਲ ਸੰਬੰਧਿਤ ਅਨੇਕ ਬਿਮਾਰੀਆਂ ਫੈਲਣੀਆਂ ਸ਼ੁਰੂ ਹੋ ਚੁੱਕੀਆਂ ਹਨ। ਪਾਣੀ ਦਾ ਕੋਈ ਸੁਧਾਰ ਨਹੀਂ ਕੀਤਾ ਗਿਆ।

ਉਮੀਦ ਕਰਦੇ ਹਾਂ ਕਿ ਉਚ-ਅਧਿਕਾਰੀ ਨੀਂਦਰ ਵਿਚੋਂ ਜਾਗਣਗੇ ਅਤੇ ਪਾਣੀ ਦੀ ਕਿਸਮ ਤੇ ਸਪਲਾਈ ਵਿਚ ਸੁਧਾਰ ਲਿਆਉਣਗੇ।

ਜਲ ਬੋਰਡ ਦੇ ਅਫਸਰਾਂ ਵਲੋਂ ਯੋਗ ਕਾਰਵਾਈ ਦੀ ਉਡੀਕ ਵਿਚ।

ਤੁਹਾਡਾ ਇਕ ਪਾਠਕ

ਸਹੀ/-

# (ਰਾਵੀ ਕੀਬੋਰਡ ਨਮੂਨਾ)


Tab
Caps Lock
Shift
Ctrl
Win Key
Alt
Space Bar
Alt
Win Key
Menu
Ctrl
Shift
Enter
1 2 3 4 5 6 7 8 9 0
Q W E R T Y U I O P [ ]
A S D F G H J K L ; '
Z X C V B N M

## ਇਕ ਦਿਨ ਦੀ ਅਚਾਨਕ ਛੁੱਟੀ ਲਈ ਬੇਨਤੀ-ਪੱਤਰ

ਸੇਵਾ ਵਿਖੇ,

ਪ੍ਰਿੰਸੀਪਲ ਸਾਹਿਬ
ਦਿਆਲ ਸਿੰਘ ਕਾਲਜ
ਨਵੀਂ ਦਿੱਲੀ ।

ਵਿਸਾ- ਇੱਕ ਦਿਨ ਮਿਤੀ (24-05-2019) ਦੀ ਅਚਨਚੇਤ ਛੁੱਟੀ ਬਾਰੇ।

ਸ਼੍ਰੀਮਾਨ ਜੀ,

ਮੈਂ ਕੱਲ ਅਚਾਨਕ ਬਿਮਾਰ ਹੋਣ ਕਾਰਨ ਆਪਣੇ ਕਾਲਜ ਨਹੀਂ ਆ ਸਕਿਆ। ਸੋ ਆਪ ਨੂੰ ਬੇਨਤੀ ਹੈ ਕਿ ਕ੍ਰਿਪਾ ਕਰ ਕੇ ਮੇਰੀ ਇਕ ਦਿਨ (24-ਮਈ,2019) ਦੀ ਅਚਾਨਕ ਛੁੱਟੀ ਸਵੀਕਾਰ ਕੀਤੀ ਜਾਵੇ।

ਮੈਂ ਆਪ ਦਾ ਧੰਨਵਾਦੀ ਹੋਵਾਂਗਾ

ਮਿਤੀ- ਆਪ ਜੀ ਦਾ

ਆਗਿਆਕਾਰੀ,

(ਹਸਤਾਖਰ)

ਕਰਮਜੀਤ ਸਿੰਘ, ਬੀ.ਏ ਭਾਗ 1, ਰੋਲ ਨੰ 29713

## ਸਿੱਖਿਆ-ਨਿਰਦੇਸ਼ਕ ਨੂੰ ਨੌਕਰੀ ਲਈ ਪ੍ਰਾਰਥਨਾ ਪੱਤਰ

ਸਿੱਖਿਆ ਨਿਰਦੇਸ਼ਕ,
ਦਫ਼ਤਰ ਸਿੱਖਿਆ ਬੋਰਡ
ਐਸ.ਏ.ਐਸ ਨਗਰ ਮੋਹਾਲੀ
22 ਜੂਨ, 2009

ਮਾਣਯੋਗ,

ਸਨਿਮਰ ਬੇਨਤੀ ਹੇ ਕਿ ਪਿਛਲੇ ਹਫਤੇ ਦੇ ਰੋਜ਼ਗਾਰ ਸਮਾਚਾਰ ਵਿਚ ਛੱਪੇ ਇਸ਼ਤਿਹਾਰ ਰਾਹੀਂ ਮੈਨੂੰ ਪਤਾ ਲੱਗਾ ਹੈ ਕਿ ਆਪ ਦੇ ਵਿਭਾਗ ਵਿਚ ਕੁਝ ਅਧਿਆਪਕਾਂ ਦੀਆਂ ਅਸਾਮੀਆਂ ਹਨ। ਮੈਂ ਆਪਣੇ ਆਪ ਨੂੰ ਇਸ ਆਸਾਮੀ ਲਈ ਯੋਗ ਸਮਝਦਿਆਂ ਅਰਜ਼ੀ ਭੇਜ ਰਿਹਾ ਹਾਂ। ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇ ਮੈਨੂੰ ਚੁਣਿਆ ਗਿਆ ਤਾਂ ਸੰਤੋਖ ਜਨਕ ਸੇਵਾ ਪ੍ਰਦਾਨ ਕਰਾਂਗਾ।

ਮੇਰੀਆਂ ਵਿਦਿਅਕ ਯੋਗਤਾਵਾਂ ਤੇ ਸੇਵਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਨਾਮ: ਦਲਜੀਤ ਸਿੰਘ

ਉਮਰ: 25 ਸਾਲ

ਵਿਦਿਅਕ ਯੋਗਤਾ: ਐਮ.ਏ., ਐਮ.ਐਡ.

ਤਜ਼ਰਬਾ: ਪਿਛਲੇ ਦੋ ਸਾਲਾਂ ਤੋਂ ਮੈਂ ਇਕ ਪ੍ਰਾਈਵੇਟ ਸਕੂਲ ਵਿਚ ਪੜ੍ਹਾ ਰਿਹਾ ਹਾਂ।

ਆਪ ਦੇ ਉੱਤਰ ਦੀ ਉਡੀਕ 'ਚ

ਸਹੀ/=

# ਧਿਆਨ ਰੱਖਣ ਯੋਗ ਗੱਲਾਂ

ਪੰਜਾਬੀ ਰਾਵੀ ਫੌਂਟ ਕੀਬੋਰਡ ਵਿੱਚ ਮੁੱਖ ਲਾਈਨ ਜੋ ਕਿ ਦੂਜੀ ਲਾਈਨ ਹੁੰਦੀ ਹੈ , ਅਸੀਂ ਆਪਣੇ ਹੱਥਾਂ ਨੂੰ ਇਸ ਲਾਈਨ ਉੱਪਰ ਟਿਕਾ ਕੇ ਰੱਖਣਾ ਹੁੰਦਾ ਹੈ। ਇਸੇ ਲਈ ਇਸ ਨੂੰ ਅੰਗਰੇਜ਼ੀ ਵਿੱਚ *Home Row* ਵੀ ਕਹਿ ਦਿੰਦੇ ਹਨ। ਮੌਜੂਦਾ ਕੀਬੋਰਡ ਅੰਗਰੇਜੀ *Remington Style* (QWRTY Style) ਦੇ ਵਰਗੇ ਹੁੰਦੇ ਹਨ ਅਤੇ ਅਸੀਂ ਆਪਣੇ ਹੱਥ ਅੰਗਰੇਜੀ ਟਾਈਪਿੰਗ ਵਾਂਗ ਹੀ ASDF ਅਤੇ JKL; ਦੇ ਬਟਨਾਂ ਤੇ ਟਿਕਾ ਕੇ ਰੱਖਣੇ ਹੁੰਦੇ ਹਨ।

ਕੁਝ ਜਰੂਰੀ ਨੁਕਤੇ :

- ਟਾਈਪਿੰਗ ਕਰਦਿਆਂ ਆਪਣੇ ਬੈਠਣ ਦੇ ਪੋਸਚਰ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ। ਰੀੜ੍ਹ ਦੀ ਹੱਡੀ ਸਿੱਧੀ ਹੋਣੀ ਚਾਹੀਦੀ ਹੈ
- ਟਾਈਪਿੰਗ ਦੀ ਪ੍ਰੈਕਟਿਸ ਕਰਦੇ ਸਮੇਂ ਹਰੇਕ ਅੱਖਰ ਨੂੰ ਬੋਲ-ਬੋਲ ਕੇ ਟਾਈਪ ਕਰਨਾ ਚਾਹੀਦਾ ਹੈ। ਆਵਾਜ ਦੀ ਧੁਨੀ ਬਟਨਾਂ ਦੀ ਆਵਾਜ ਨਾਲੋਂ ਉੱਚੀ ਹੋਵੇ।
- ਟਾਈਪਿੰਗ ਕਰਦੇ ਸਮੇਂ ਹੱਥਾਂ ਦੀਆਂ ਉਂਗਲਾਂ ਕੀਬੋਰਡ ਨਾਲ ਛੋਹਣੀਆਂ ਚਾਹੀਦੀਆਂ ਹਨ ਅਤੇ ਹਥੇਲੀਆਂ ਹਵਾ ਵਿੱਚ।
- ਟਾਈਪਿੰਗ ਕਰਦੇ ਸਮੇਂ ਮਨ ਨੂੰ ਇਕਾਗਰ ਅਤੇ ਦਿਮਾਗ ਨੂੰ ਤਰੋ ਤਾਜਾ ਰੱਖਣਾ ਬਹੁਤ ਜਰੂਰੀ ਹੈ।
- ਟਾਈਪਿੰਗ ਦਾ ਅਭਿਆਸ ਕਰਦੇ ਸਮੇਂ ਅੱਖਾਂ ਸਿਰਫ ਮੈਟਰ ਭਾਵ ਕਿਤਾਬ ਵੱਲ ਹੋਣੀਆਂ ਚਾਹੀਦੀਆਂ ਹਨ, ਨਾਂ ਕਿ ਕੀਬੋਰਡ ਅਤੇ ਮਾਨੀਟਰ ਵੱਲ



# ਸਕੂਟਰ ਗੁੰਮ ਹੋਣ ਬਾਰੇ ਐਫ. ਆਈ. ਆਰ

ਸੇਵਾ ਵਿਖੇ,

ਐੱਸ. ਐੱਚ. ਓ (ਥਾਣੇਦਾਰ)

ਥਾਣਾ ਸੈਕਟਰ..................

ਭਦੌੜ।

ਵਿਸ਼ਾ- ਸਕੂਟਰ ਚੋਰੀ ਹੋਣ ਬਾਰੇ ਰਿਪੋਰਟ।

ਸ਼੍ਰੀਮਾਨ ਜੀ,

ਇਹ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਮੇਰਾ ਚੇਤਕ ਸਕੂਟਰ ਨੰ.- **PB-31G-8844** ਅੱਜ ਮਿਤੀ................. ਨੂੰ ਸਬਜ਼ੀ ਮੰਡੀ, ਭਦੌੜ ਵਿਖੇ ਗੁੰਮ ਹੋ ਗਿਆ ਹੈ।

ਅੱਜ ਦੁਪਹਿਰ ਬਾਅਦ ਤਕਰੀਬਨ ਸਾਢੇ 3 ਵਜੇ, ਜਦੋਂ ਮੈਂ ਸਬਜ਼ੀ ਮੰਡੀ ਵਿੱਚ ਕੁਝ ਖਰੀਦਦਾਰੀ ਕਰਨ ਗਿਆ, ਮੈਂ ਆਪਣਾ ਸਕੂਟਰ ਦੁਕਾਨ ਨੰ. 15 ਦੇ ਸਾਹਮਣੇ ਖੜ੍ਹਾ ਕਰਕੇ, ਤਾਲਾ ਲਗਾ ਦਿੱਤਾ, ਪ੍ਰੰਤੂ ਪਾਰਕਿੰਗ ਟੋਕਨ ਲੈਣਾ ਭੁੱਲ ਗਿਆ।

ਤਕਰੀਬਨ ਅੱਧੇ ਘੰਟੇ ਬਾਅਦ, ਜਦੋਂ ਮੈਂ ਵਾਪਸ ਪਰਤਿਆ, ਤਾਂ ਮੇਰੀ ਹੈਰਾਨਗੀ ਦੀ ਹੱਦ ਨਾ ਰਹੀ, ਜਦੋਂ ਮੇਰਾ ਸਕੂਟਰ ਉੱਥੇ ਨਹੀਂ ਸੀ, ਜਿਥੇ ਮੈਂ ਉਸਨੂੰ ਖੜ੍ਹਾ ਕਰਕੇ ਗਿਆ ਸੀ। ਇੱਧਰ-ਉੱਧਰ ਪੁੱਛਤਾਛ ਕਰਨ ਦੇ ਬਾਵਜੂਦ ਕੋਈ ਜਾਣਕਾਰੀ ਨਹੀਂ ਮਿਲੀ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਚੋਰੀ ਸਬੰਧੀ ਐਫ. ਆਈ. ਆਰ. ਦਰਜ ਕੀਤੀ ਜਾਵੇ ਅਤੇ ਸਕੂਟਰ ਦੀ ਭਾਲ ਕਰਨ ਦੇ ਸਿਰਤੋੜ ਯਤਨ ਕੀਤੇ ਜਾਣ।

ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਮਿਤੀ-

ਤੁਹਾਡਾ ਸ਼ੁਭਚਿੰਤਕ,

ਨਛੱਤਰ ਸਿੰਘ

ਵਾਸੀ- ਪ੍ਰੀਤਮਪੁਰਾ

# ਪਹਿਲਾ ਅਧਿਆਏ

## ਮੁੱਖ ਲਾਈਨ (ਲਾਈਨ ਦੂਜੀ)

ਜਿਵੇਂ ਕਿ ਹੁਣ ਤੁਹਾਨੂੰ ਪਤਾ ਹੀ ਹੈ ਕਿ ਦੂਜੀ ਲਾਈਨ ਦੇ ਬਟਨ ਹੋਮ ਲਾਈਨ ਦੇ ਹੁੰਦੇ ਹਨ। ਇਸ ਲਈ ਇਸ ਲਾਈਨ ਦੀ ਪ੍ਰੈਕਟਿਸ ਬਹੁਤ ਹੀ ਜਰੂਰੀ ਹੁੰਦੀ ਹੈ। ਦੂਜੀ ਲਾਈਨ ਵਿੱਚ ਅੱਖਰਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੁੰਦੀ ਹੈ। ਇਸ ਲਈ ਹੋੜੇ ਉੱਪਰ ਆਪਣੀ ਖੱਬੇ ਹੱਥ ਦੀ ਚੀਚੀ, ਅਤੇ ਲਾਂਵ , ਹਲੰਤ, ਸਿਹਾਰੀ, ਤੇ ਲਾਗਵੀਆਂ ਤਿੰਨ ਉਂਗਲਾਂ ਰੱਖਣੀਆਂ ਹੁੰਦੀਆਂ ਹਨ। ਅਤੇ ਪ ਰ ਕ ਤ ਚ ਟ ਵਿੱਚ ਰ ਉੱਪਰ ਆਪਣੀ ਪਹਿਲੀ ਉਂਗਲ ਅਤੇ ਚ ਉੱਪਰ ਆਪਣੀ ਚੀਚੀ ਨੂੰ ਟਿਕਾ ਕੇ ਰੱਖਣਾ ਹੁੰਦਾ ਹੈ ਅਤੇ ਕ ਤ ਉੱਪਰ ਵਿਚਾਲੇ ਦੀਆਂ ਦੋਨਾਂ ਉਂਗਲਾਂ ਨੂੰ ।

- ਐਂਕੜ ਵਾਲਾ ਬਟਨ ਦਬਾਉਣ ਲਈ ਆਪਣੀ ਖੱਬੇ ਹੱਥ ਦੀ ਪਹਿਲੀ ਉਂਗਲ ਦੀ ਵਰਤੋਂ ਕਰਨੀ
- ਇਸੇ ਤਰਾਂ ਪ ਵਾਲੇ ਬਟਨ ਲਈ ਸੱਜੇ ਹੱਥ ਦੀ ਪਹਿਲੀ ਉਂਗਲ ਅਤੇ ਟ ਵਾਲੇ ਬਟਨ ਲਈ ਚੀਚੀ ਦੀ ਵਰਤੋਂ ਕਰਨੀ ਹੁੰਦੀ ਹੈ। ਉਕਤ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬੀ ਟਾਈਪਿੰਗ ਦੀ ਪ੍ਰੈਕਟਿਸ ਸ਼ੁਰੂ ਕਰਦੇ ਹਾਂ ।

**ਹੇਠ ਲਿਖੇ ਅੱਖਰਾਂ ਨੂੰ ਘੱਟੋ ਘੱਟ 100 ਵਾਰ ਟਾਈਪ ਕਰੋ**

**◌ੋ ◌ੇ ◌੍ ਿ◌ ◌ੁ ਪ ਰ ਕ ਤ ਚ ਟ**

◌ੋ◌ੇ◌੍ਿ◌◌ੁ ਰਪਰਕਤਚਟ ◌ੋ◌ੇ◌੍ਿ◌◌ੁ ਰਪਰਕਤਚਟ ◌ੋ◌ੇ◌੍ਿ◌◌ੁ ਰਪਰਕਤਚਟ ◌ੋ◌ੇ◌੍ਿ◌◌ੁ ਰਪਰਕਤਚਟ ◌ੋ◌ੇ◌੍ਿ◌◌ੁ ਰਪਰਕਤਚਟ ◌ੋ◌ੇ◌੍ਿ◌◌ੁ ਰਪਰਕਤਚਟ

ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ

**ਅਭਿਆਸ 1**

ਪਰ ਰਤ ਚਰ ਕਰ ਟਚ ਪਕ ਕਟ ਤਟ ਤਕ ਕਪ ਰਚ ਕਟ ਪਚ ਪਟ ਰਚ ਕਚ ਤਕ ਕਤ ਟਕ

**ਅਭਿਆਸ 2**

ਕੋਟ ਪੇਚ ਰੋਕ ਰੁਕ ਚੁਕ ਟੋਕ ਪੋਚ ਚਿਪ ਟਿਕ ਕਿਟ ਤੋਟ ਰਿਟ ਕੁਟ ਟੁਕ ਟੇਕ ਕੇਕ ਪੋਟ ਰਕਤ ਕਤਰ ਟਪਰ ਰਟਪ ਚਰਕ ਕਰਕ ਤਰਕ ਰਪਟ ਟਕੋਰ ਚਕੋਰ ਕਿਰਕ ਟਿਚਰ

# ਅਭਿਆਸ 42

## (ਪੱਤਰ-ਵਿਹਾਰ)

### ਪੱਤਰ ਲਿਖਣ ਦੀ ਤਕਨੀਕ

ਅੱਜ ਦੇ ਸਮੇਂ ਵਿਚ ਪੱਤਰ ਲਿਖਣਾ ਬੜਾ ਮਹੱਤਵਪੂਰਨ ਪਹਿਲੂ ਹੈ। ਅੱਛੇ ਪੱਤਰ ਲਿਖਣ ਵੇਲੇ ਜਿਹੜੀਆਂ ਗੱਲਾਂ ਦਾ ਵਿਸ਼ੇਸ਼ ਖਿਆਲ ਰੱਖਿਆ ਜਾਣਾ ਚਾਹੀਦਾ ਹੈ। ਉਹ ਹੇਠਾਂ ਲਿਖੇ ਹਨ:

1. ਪੱਤਰ ਦੀ ਭਾਸ਼ਾ ਸ਼ੁਧ, ਸਪਸ਼ਟ ਤੇ ਸੌਖੀ ਹੋਣੀ ਚਾਹੀਦੀ ਹੈ।
2. ਪੱਤਰ ਵਿਚ ਗੈਰਜ਼ਰੂਰੀ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।
3. ਪੱਤਰ ਵਿਚ ਠੀਕ ਪ੍ਰਬੰਧ ਹੋਣਾ ਚਾਹੀਦਾ ਹੈ ਭਾਵ ਇਹ ਕਿ ਜਿਹੜੀਆਂ ਗੱਲਾਂ ਪਹਿਲਾਂ ਕਰਨੀਆਂ ਚਾਹੀਦੀਆਂ ਹਨ; ਉਹ ਪਹਿਲਾਂ ਹੋਣ ਅਤੇ ਜਿਹੜੀਆਂ ਗੱਲਾਂ ਮਗਰੋਂ ਹੋਣੀਆਂ ਚਾਹੀਦੀਆਂ ਹਨ ਉਹ ਬਾਅਦ ਵਿਚ ਹੀ ਲਿਖਣੀਆਂ ਚਾਹੀਦੀਆਂ ਹਨ।
4. ਇਕ ਪੈਰੇ ਵਿਚ ਇਕ ਹੀ ਗੱਲ ਕਰਨੀ ਚਾਹੀਦੀ ਹੈ।
5. ਪੱਤਰ ਦਾ ਆਰੰਭ ਅਤੇ ਅੰਤ ਪੱਤਰ ਦੇ ਅਨੁਰੂਪ ਹੋਣਾ ਚਾਹੀਦਾ ਹੈ।
6. ਪੱਤਰ ਵਿਚ ਕੱਟ-ਵੱਢ ਨਹੀਂ ਹੋਣੀ ਚਾਹੀਦੀ। ਵਿਰਾਮ ਚਿੰਨ੍ਹਾਂ ਦੀ ਉਚਿਤ ਵਰਤੋਂ ਹੋਣੀ ਚਾਹੀਦੀ ਹੈ। ਚੰਗੇ ਅਤੇ ਸਾਫ ਕਾਗਜ਼ ਉਪਰ ਲਿਖੀ ਚਿੱਠੀ ਵਧੇਰੇ ਪ੍ਰਭਾਵ ਪਾਉਂਦੀ ਹੈ।

ਪੱਤਰ ਦੀਆਂ ਕਿਸਮਾਂ:

ਆਮ ਤੌਰ ਤੇ ਪੱਤਰ ਦੋ ਤਰੀਕੇ ਦੇ ਹੁੰਦੇ ਹਨ:-

1. ਉਪਚਾਰਿਕ ਜਾਂ ਸਮਾਜਿਕ ਪੱਤਰ
2. ਅਣਉਪਚਾਰਿਕ ਜਾਂ ਵਿਅਕਤੀਗਤ ਪੱਤਰ

ਉਪਚਾਰਿਕ ਪੱਤਰ:

ਉਪਚਾਰਿਕ ਪੱਤਰਾਂ ਦੇ ਅੰਤਰਗਤ ਵਪਾਰਕ ਚਿੱਠੀਆਂ, ਪ੍ਰਿੰਸੀਪਲ ਨੂੰ ਪੱਤਰ, ਖਾਲੀ ਅਸਾਮੀਆਂ ਲਈ ਨੌਕਰੀ ਪੱਤਰ ਅਤੇ ਸੰਪਾਦਕ ਨੂੰ ਲੋਕ-ਹਿੱਤ ਵਿਚ ਲਿਖੇ ਪੱਤਰ ਹੁੰਦੇ ਹਨ ਜਿਨ੍ਹਾਂ ਅਧੀਨ ਸ਼ਿਕਾਇਤੀ ਪੱਤਰ ਵੀ ਆ ਜਾਂਦੇ ਹਨ।

ਅਣਉਪਚਾਰਿਕ ਪੱਤਰ:

ਇਸ ਅਧੀਨ ਪਿਤਾ ਨੂੰ, ਮਾਤਾ ਨੂੰ, ਚਾਚੇ ਨੂੰ, ਭਰਾ ਨੂੰ, ਭੈਣ ਨੂੰ, ਪੁੱਤਰ-ਧੀ ਨੂੰ, ਭਤੀਜੇ-ਭਤੀਜੀ ਨੂੰ, ਸਾਰੇ ਰਿਸ਼ਤੇਦਾਰਾਂ ਨੂੰ, ਦੋਸਤਾਂ ਨੂੰ, ਪ੍ਰੇਮੀ-ਪ੍ਰਮਿਕਾਵਾਂ ਨੂੰ ਲਿਖੇ ਪੱਤਰ ਆਉਂਦੇ ਹਨ।

ਪੱਤਰ ਲਿਖਦਿਆਂ ਹੇਠਾਂ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ:

1. ਭੇਜਣ ਵਾਲੇ ਦਾ ਪਤਾ
2. ਪੱਤਰ ਲਿਖਣ ਦੀ ਮਿਤੀ
3. ਸੰਬੋਧਨ-ਸੂਚਕ ਸ਼ਬਦ
4. ਪੱਤਰ ਲਿਖਣ ਦਾ ਵਿਸ਼ਾ
5. ਅੰਤ

# ਦੂਜਾ ਅਧਿਆਏ

# ਲਾਈਨ ਦੂਜੀ (ਸ਼ਿਫਟ ਨਾਲ)

**ਰਾਵੀ ਫੌਂਟ ਵਿੱਚ ਟਾਈਪਿੰਗ ਕਰਦਿਆਂ ਕੁਝ ਅੱਖਰ ਸ਼ਿਫਟ ਬਟਨ ਦਬਾ ਕੇ ਉਘਰਦੇ ਹਨ। ਇਸ ਲਈ ਅਸੀਂ ਇਸ ਅਧਿਆਏ ਵਿੱਚ ਸ਼ਿਫਟ ਦਬਾ ਕੇ ਅੱਖਰ ਪਾਉਣ ਦੀ ਪ੍ਰੈਕਟਿਸ ਕਰਾਂਗੇ। ਹੱਥਾਂ ਅਤੇ ਉਂਗਲਾਂ ਦੀ ਸਥਿਤੀ ਪਹਿਲੇ ਅਧਿਆਏ ਵਾਂਗ ਹੀ ਰਹੇਗੀ।**

**ਇਸ ਵਿੱਚ ਅਸੀਂ ਹਰ ਅੱਖਰ ਪਾਉਣ ਲੱਗਿਆਂ ਸ਼ਿਫਟ ਦਾ ਬਟਨ ਆਪਣੇ ਦੋਹਾਂ ਹੱਥਾਂ ਦੀਆਂ ਚੀਚੀਆਂ ਦੀ ਵਰਤੋਂ ਕਰਦਿਆਂ ਕਰਾਂਗੇ।**

## ਸ਼ਿਫਟ ਦੀ ਵਰਤੋਂ ਕਰਨ ਨਾਲ ਮੁੱਖ ਲਾਈਨ ਦੇ ਹੇਠ ਲਿਖੇ ਅੱਖਰ ਉੱਘਰ ਕੇ ਆਉਣਗੇ

### ਹੇਠ ਲਿਖੇ ਅੱਖਰਾਂ ਨੂੰ ਘੱਟੋ ਘੱਟ 100 ਵਾਰ ਟਾਈਪ ਕਰੋ

# ਓ ਏ ਅ ਇ ਉ ਫ ਙ ਖ ਥ ਛ ਠ

**ਓਏਅਇਉਇ ਙਫਙਖਥਛਠ ਓਏਅਇਉਇ ਙਫਙਖਥਛਠ ਓਏਅਇਉਇ ਙਫਙਖਥਛਠ
ਓਏਅਇਉਇ ਙਫਙਖਥਛਠ ਓਏਅਇਉਇ ਙਫਙਖਥਛਠ ਓਏਅਇਉਇ ਙਫਙਖਥਛਠ
ਓਏਅਇਉਇ ਙਫਙਖਥਛਠ ਓਏਅਇਉਇ ਙਫਙਖਥਛਠ**

**ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਅਨੁਸਾਰ ਘੱਟੋ ਘੱਟ 50 ਵਾਰ ਟਾਈਪ ਕਰੋ:**

**ਅਭਿਆਸ 1**

**ਫਙ ਖਙ ਓਥ ਓਙ ਏਥ ਛਠ ਏਠ ਅਠ ਇਥ ਉਠ ਉਖ ਓਖ ਅਛ ਛਙ ਰਙ ਤਙ ਪਙ**

**ਅਭਿਆਸ 2**

**ਅਖਰ ਖਰਚ ਚਙ ਚਰਖ ਪਿਠ ਪਙ ਓਙ ਅਕ ਏਕ ਇਟ ਟਿਪ ਉਤ ਤੋਟ ਕਙਛ ਅਠਰ ਖਰਚ ਉਠਰ ਕੁਛਙ ਚੋਕਰ ਕੋਚਰ ਛੋਕਰ ਖੋਖਰ ਫੋਕਰ ਉਖਙ ਫੁਫਙ ਖੁਰਕ ਖੀਰ ਫੁਕ ਫਖਰ**

## ਅਭਿਆਸ 41

**Chunk 1.**

ਪੰਜਾਬ ਦੀ ਸਾਲਾਨਾ ਸਿਖਿਆ ਸਥਿਤੀ ਰਿਪੋਰਟ ਵਿਚ ਦਰਜ ਹੈ ਕਿ ਸਰਕਾਰੀ ਸਕੂਲਾਂ ਦੇ ਅੱਠਵੀਂ ਦੇ 51.9% ਬੱਚਿਆਂ ਨੂੰ ਸਾਧਾਰਨ ਵੰਡ (ਭਾਗ) ਨਹੀਂ ਕਰਨੀ ਆਉਂਦੀ; 22.5% ਬੱਚੇ 1 ਤੋਂ 100 ਤੱਕ ਅੰਕ ਪਛਾਣਨ ਤੋਂ ਅੱਗੇ

**Chunk 2.**

ਨਹੀਂ ਟੱਪੇ; 16.2% ਬੱਚੇ ਦੂਜੀ ਦੀ ਕਿਤਾਬ ਨਹੀਂ ਪੜ੍ਹ ਸਕੇ ਅਤੇ ਅੰਗਰੇਜ਼ੀ ਵਿਚ ਤਾਂ ਅੱਠਵੀਂ ਦੇ 44.9% ਬੱਚਿਆਂ ਨੂੰ ਕੈਟ, ਸਨ, ਫੈਨ, ਨਿਊ, ਰੈੱਡ ਸ਼ਬਦਾਂ ਦਾ ਅਰਥ ਵੀ ਨਹੀਂ ਪਤਾ। ਪੰਜਾਬ ਦੇ ਕਿਸਾਨ ਕਮਿਸ਼ਨ ਨੇ

**Chunk 3.**

ਖੇਤੀਬਾੜੀ ਯੂਨੀਵਰਸਿਟੀ ਰਾਹੀਂ ਸੂਬੇ ਨੂੰ ਪੰਜ ਖਿਤਿਆਂ ਵਿਚ ਵੰਡ ਕੇ ਜੋ ਅਧਿਐਨ ਕਰਵਾਇਆ, ਉਸ ਰਿਪੋਰਟ ਦੇ ਵੀ ਇਹੀ ਅੰਕੜੇ ਹਨ। ਸਰਕਾਰੀ ਵਿਭਾਗਾਂ ਦੇ ਅਧਿਐਨ ਵੀ ਨਿਰਾਸ਼ਾਜਨਕ ਹਾਲਤ ਹੀ ਦਰਸਾਉਂਦੇ ਹਨ।

**Chunk 4.**

ਸ਼ਖਸੀਅਤ ਵਿਕਾਸ ਦੀ ਗੱਲ ਕਰੀਏ ਤਾਂ 14 ਤੋਂ 18 ਸਾਲ ਦੇ 35.9% ਬੱਚਿਆਂ ਨੂੰ ਘੰਟਿਆਂ ਮਿੰਟਾਂ ਤੱਕ ਸਹੀ ਸਮਾਂ ਨਹੀਂ ਦੇਖਣਾ ਆਉਂਦਾ; 11.7% ਤਾਂ ਕੇਵਲ ਘੰਟਿਆਂ ਵਿਚ ਵੀ ਸਮਾਂ ਨਹੀਂ ਦੇਖ ਸਕਦੇ;

**Chunk 5.**

44% ਨੂੰ ਦੇਸ਼ ਦੀ ਰਾਜਧਾਨੀ ਦਾ ਨਹੀਂ ਪਤਾ ਤੇ 29.7% ਨੂੰ ਤਾਂ ਆਪਣੇ ਸੂਬੇ ਦੀ ਰਾਜਧਾਨੀ ਦਾ ਨਹੀਂ ਪਤਾ; 67.4% ਨੂੰ ਨਕਸ਼ੇ ਉਪਰ ਆਪਣੇ ਸੂਬੇ ਦੀ ਪਛਾਣ ਨਹੀਂ। ਇਨ੍ਹਾਂ ਵਿਚੋਂ 78.9% ਬੱਚਿਆਂ ਨੇ ਅੱਠ ਸਾਲ ਜਾਂ

**Chunk 6.**

ਇਸ ਤੋਂ ਵੱਧ ਸਾਲ ਸਕੂਲ ਦਾਖਲ ਹੋ ਕੇ ਪੜ੍ਹਾਈ ਕੀਤੀ ਹੋਈ ਹੈ। ਇਹ ਨਤੀਜੇ ਉਸ ਵਕਤ ਦੇ ਹਨ ਜਦ ਸਰਕਾਰੀ ਸਕੂਲਾਂ ਦੇ ਕਰੀਬ 21 ਲੱਖ ਬੱਚਿਆਂ ਉਪਰ ਸਰਕਾਰ 11000 ਕਰੋੜ ਰੁਪਏ, ਭਾਵ 52500 ਰੁਪਏ

**Chunk 7.**

ਪ੍ਰਤੀ ਬੱਚਾ ਸਾਲਾਨਾ ਖਰਚ ਰਹੀ ਹੈ। ਮੋਗਾ ਜ਼ਿਲ੍ਹੇ ਦੇ ਇਕ ਪੇਂਡੂ ਸਕੂਲ ਵਿਚ ਨੀਤੀ ਆਯੋਗ ਦੀ ਟੀਮ ਦੇ ਸਾਹਮਣੇ ਹਾਲ ਹੀ ਵਿਚ ਹੋਇਆ ਡਰਾਮਾ ਵੀਡੀਓ ਵਿਚ ਕੈਦ ਹੈ। ਹਾਜ਼ਰ ਬੱਚੇ 2 ਅਤੇ ਹਾਜ਼ਰੀ 31 ਦੀ।

**Chunk 8.**

ਅਧਿਆਪਕ ਝੂਠੀ ਮਿਡ ਮੇਲ ਨੂੰ ਜਾਇਜ਼ ਠਹਿਰਾਉਂਦੀ, ਬੱਚਿਆਂ ਨੂੰ ਕਹਿੰਦੀ ਹੈ- ਚਾਰ ਨਾਲ ਚੌਕਾ ਹੋਰ ਲਗਾ ਦਿਓ। ਗੈਰ ਹਾਜ਼ਰ ਅਧਿਆਪਕ ਦੀ ਹਾਜ਼ਰੀ ਡੀਪੀਆਈ ਨੇ ਖੁਦ ਚੈੱਕ ਕੀਤੀ। ਮੁੱਖ ਅਧਿਆਪਕਾ ਨੇ ਅਣਭੋਲ ਬੱਚਿਆਂ ਨੂੰ ਢਾਲ ਬਣਾ

**Chunk 9.**

ਡੀਪੀਆਈ ਦੀ ਘਿਰਾਓ ਕੀਤਾ। ਅੰਗਰੇਜ਼ੀ ਦੀ ਅਧਿਆਪਕਾ 'ਸੈਲਫਿਸ਼ ਜੇਂਟ' ਕਹਾਣੀ ਪੜ੍ਹਾਉਂਦੀ ਹੋਈ ਬਲੋਜ਼ਮ ਨੂੰ 'ਕਲੀਆਂ', ਟਰੈਸਪਾਸਰਜ਼ ਨੂੰ 'ਗੁਜ਼ਰਨ ਵਾਲੀ ਰਾਹ', ਫਰੌਸਟ ਨੂੰ 'ਪਾਲਾ' ਤੇ ਬੀਨੀਥ ਨੂੰ 'ਸਾਂਹ' ਲਿਖ ਕੇ ਪੜ੍ਹਾਉਂਦੀ ਹੈ। ਤਤਕਾਲੀ ਸਿਖਿਆ

**Chunk 10.**

ਬਹੁਤਿਆਂ ਨੂੰ ਸਾਧਾਰਨ ਸ਼ੁਧਤਾ ਨਾਲ ਵੀ ਲਿਖਣਾ ਨਹੀਂ ਆਇਆ। ਸਕੂਲਾਂ ਦੇ 12000 ਅਧਿਆਪਕਾਂ ਵਿਚੋਂ ਕੋਈ ਵੀ ਨਹੀਂ ਕਹਿ ਸਕਿਆ ਕਿ ਉਨ੍ਹਾਂ ਨੇ ਅਧਿਆਪਕ ਲੱਗ ਕੇ ਇਕ ਵਾਰ ਵੀ ਪਹਿਲੀ ਤੋਂ ਪੰਜਵੀਂ ਦੀਆਂ ਕਿਤਾਬਾਂ ਖੁਦ ਪੜ੍ਹੀਆਂ ਹਨ।

# ਤੀਜਾ ਅਧਿਆਏ

# ( ਲਾਈਨ ਪਹਿਲੀ)

ਪਹਿਲੀ ਲਾਈਨ ਦੇ ਅੱਖਰ ਟਾਈਪ ਕਰਨ ਲਈ ਮੁੱਖ ਲਾਈਨ ਤੋਂ ਹੀ ਹੱਥਾਂ ਦੀਆਂ ਉਂਗਲਾਂ ਨੂੰ ਉਠਾ ਕੇ ਉਪਰ ਵੱਲ ਨੂੰ ਲਿਜਾਣਾ ਹੁੰਦਾ ਹੈ। ਅੱਖਰ ਨੂੰ ਟਾਈਪ ਕਰਨ ਤੋਂ ਬਾਅਦ ਉਂਗਲਾਂ ਮੁੜ ਮੁਖ ਲਾਈਨ ਤੇ ਵਾਪਸ ਲਿਆਉਣੀਆਂ ਹੁੰਦੀਆਂ ਹਨ। ਪਹਿਲੀ ਲਾਈਨ ਤੇ ਖੱਬੇ ਹੱਥ ◌ੌ (ਕਨੌੜਾ ਚੀਚੀ ਨਾਲ) ◌ੈ ( ਰਿੰਗ ਫਿੰਗਰ ਨਾਲ ) ◌ਾ (ਕੰਨਾ ਵਿਚਲੀ ਉਂਗਲ ਨਾਲ), ◌ੀ (ਬਿਹਾਰੀ ਪਹਿਲੀ ਉਂਗਲ ਨਾਲ) ◌ੂ (ਦੁਲੈਂਕੜ ਪਹਿਲੀ ਉਂਗਲ ਨਾਲ) ਸੱਜੇ ਹੱਥ ਦੀਆਂ ਉਂਗਲਾਂ ਨਾਲ ਬ (ਪਹਿਲੀ ਉਂਗਲ ਨਾਲ), ਹ ( ਪਹਿਲੀ ਉਂਗਲ ਨਾਲ) ਗ ( ਵਿਚਲੀ ਉਂਗਲ ਨਾਲ) ਦ (ਰਿੰਗ ਫਿੰਗਰ ਨਾਲ) ਜ ( ਚੀਚੀ ਨਾਲ) ਡ (ਚੀਚੀ ਨਾਲ) ਅੱਖਰ ਹੁੰਦੇ ਹਨ।

### ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-

## ◌ੌ ◌ੈ ◌ਾ ◌ੀ ◌ੂ        ਬ ਹ ਗ ਦ ਜ ਡ

◌ੌ◌ੈ◌ਾ◌ੀ◌ੂ◌ੀ ਹਬਹਗਦਜਡੌ ◌ੈ◌ਾ◌ੀ◌ੂ◌ੀ ਹਬਹਗਦਜਡੌ◌ੈ◌ਾ◌ੀ◌ੂ◌ੀ ਹਬਹਗਦਜਡ ◌ੌ◌ੈ◌ਾ◌ੀ◌ੂ◌ੀ ਹਬਹਗਦਜਡ ◌ੌ◌ੈ◌ਾ◌ੀ◌ੂ◌ੀ ਹਬਹਗਦਜਡ ◌ੌ◌ੈ◌ਾ◌ੀ◌ੂ◌ੀ ਹਬਹਗਦਜਡੌ◌ੈ◌ਾ◌ੀ◌ੂ◌ੀ ਹਬਹਗਦਜਡ

**ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ:-**

**ਅਭਿਆਸ 1**

ਹਬ ਗਜ ਜਦ ਡਜ ਹਦ ਹਜ ਗਡ ਡਬ ਬਡ ਦਹ ਗਹ ਜਗ ਬਜ ਬਗ ਗਦ ਡਗ ਹਡ

**ਅਭਿਆਸ 2**

ਹੌਜ ਡੀਗ ਡੂਗ ਜੀਦ ਬੈਗ ਜਾਗ ਦਾਗ ਬਾਗ ਬੌਡ ਬੈਡ ਬੀਜ ਗੈਜ ਬੂਜ ਜੈਦ ਬੈਜ ਦੀਦ ਦਾਦ ਦੂਜ ਪੈਜ ਰਾਗ ਰੌਬ ਤਾਬ ਚਾਚਾ ਦਾਦਾ ਦੀਦੀ ਡੈਡੀ ਹਾਰ ਰਾਹ ਹੀਰਾ ਹਰੇਕ ਬਰੇਕ ਡੇਕ ਟੂਕ ਟੀਕ ਕੀਟ

# ਅਭਿਆਸ 40

**Chunk 1.**

ਰੀੜ੍ਹ ਦੀ ਹੱਡੀ ਵਿਚ ਹੋਣ ਵਾਲੀ ਟੀਬੀ ਇੰਟਰ-ਵਰਟਿਬਲ ਡਿਸਕ ਵਿਚ ਸ਼ੁਰੂ ਹੁੰਦੀ ਹੈ ਅਤੇ ਫਿਰ ਰੀੜ੍ਹ ਦੀ ਹੱਡੀ ਵਿਚ ਫੈਲਦੀ ਹੈ। ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਲਕਵਾ ਹੋਣ ਦੀ ਖ਼ਦਸ਼ਾ ਰਹਿੰਦਾ ਹੈ।

**Chunk 2.**

ਇਹ ਨੋਜਵਾਨਾਂ ਵਿਚ ਜ਼ਿਆਦਾ ਹੁੰਦੀ ਹੈ। ਇਸ ਦੇ ਲੱਛਣ ਵੀ ਸਾਧਾਰਨ ਹਨ ਜਿਸ ਕਾਰਨ ਅਕਸਰ ਲੋਕ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਰੀੜ੍ਹ ਦੀ ਹੱਡੀ ਵਿਚ ਟੀਬੀ ਹੋਣ ਦੇ ਸ਼ੁਰੂਆਤੀ ਲੱਛਣ ਕਮਰ ਵਿਚ ਦਰਦ ਰਹਿਣਾ,

**Chunk 3.**

ਬੁਖਾਰ, ਭਾਰ ਘੱਟ ਹੋਣਾ, ਕਮਜ਼ੋਰੀ ਜਾਂ ਫਿਰ ਉਲਟੀ ਆਉਣਾ ਹੈ। ਇਨ੍ਹਾਂ ਪਰੇਸ਼ਾਨੀਆਂ ਨੂੰ ਲੋਕ ਹੋਰ ਬਿਮਾਰੀਆਂ ਨਾਲ ਜੋੜ ਕੇ ਦੇਖਦੇ ਹਨ ਲੇਕਿਨ ਰੀੜ੍ਹ ਦੀ ਹੱਡੀ ਵਿਚ ਟੀਬੀ ਵਰਗੇ ਗੰਭੀਰ ਰੋਗ ਦਾ ਸ਼ੱਕ ਬਿਲਕੁੱਲ ਨਹੀਂ ਹੁੰਦਾ।

**Chunk 4.**

ਪਿਛਲੇ ਕੁੱਝ ਸਾਲ ਵਿਚ ਕੁੱਝ ਅਜਿਹੇ ਮਾਮਲੇ ਸਾਹਮਣੇ ਆਏ ਜਿਸ ਵਿਚ ਗਰਭਾਵਸਥਾ ਦੌਰਾਨ ਔਰਤਾਂ ਵਿਚ ਸਪਾਇਨਲ ਟੀਬੀ ਦੇਖੀ ਗਈ। ਪਿੱਠ ਵਿਚ ਅਕੜਾਹਟ। ਰੀੜ੍ਹ ਦੀ ਹੱਡੀ ਵਿਚ ਬਰਦਾਸ਼ਤ ਤੋਂ ਬਾਹਰ ਦਰਦ। ਰੀੜ੍ਹ ਦੀ ਹੱਡੀ ਵਿਚ ਝੁਕਾਅ।

**Chunk 5.**

ਪੈਰਾਂ ਤੇ ਹੱਥਾਂ ਵਿਚ ਹੱਦ ਤੋਂ ਜ਼ਿਆਦਾ ਕਮਜ਼ੋਰੀ ਤੇ ਸੁੰਨਾਪਨ। ਹੱਥਾਂ ਤੇ ਪੈਰਾਂ ਦੀਆਂ ਮਾਸਪੇਸ਼ੀਆਂ ਵਿਚ ਖਿਚਾਓ। ਪਿਸ਼ਾਬ ਕਰਨ ਵੇਲੇ ਪਰੇਸ਼ਾਨੀ। ਰੀੜ੍ਹ ਦੀ ਹੱਡੀ ਵਿਚ ਸੋਜ ਜਾਂ ਸਾਹ ਲੈਣ ਵਿਚ ਮੁਸ਼ਕਿਲ ਅਜਿਹੇ ਕੁਝ ਸੰਕੇਤ ਹਨ

**Chunk 6.**

ਜਿਨ੍ਹਾਂ ਨੂੰ ਅੱਖੋਂ ਓਹਲੇ ਨਾ ਕਰੋ। ਇਸ ਰੋਗ ਦਾ ਪਤਾ ਲਗਾਉਣ ਲਈ ਸੀਬੀਸੀ ਬਲਡ ਕਾਉਂਟ, ਏਲੀਵੇਟੇਡ ਐਰੀਥਰੋਸਾਇਟ ਸੇਡਿਮੈਟੇਸ਼ਨ, ਟਿਊਬਕਰਿਉਲਿਨ ਸਕਿਨ ਟੈਸਟ ਦੇ ਜ਼ਰੀਏ ਟੀਬੀ ਦੀ ਲਾਗ ਦਾ ਪਤਾ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ

**Chunk 7.**

ਦਾ ਪਹਿਲਾਂ ਐਮਆਰਆਈ, ਸੀਟੀ ਸਕੈਨ ਅਤੇ ਫਿਰ ਬੋਨ ਬਾਔਪਸੀ ਜਾਂਚ ਰਾਹੀਂ ਟੀਬੀ ਦੀ ਲਾਗ ਦਾ ਪਤਾ ਲਗਾਇਆ ਜਾਂਦਾ ਹੈ। ਜੇ ਸ਼ੁਰੂਆਤੀ ਦੌਰ ਵਿਚ ਹੀ ਰੋਗ ਦੀ ਪਛਾਣ ਕਰ ਲਈ ਜਾਵੇ ਤਾਂ ਦਵਾਈਆਂ ਨਾਲ ਇਲਾਜ ਸੰਭਵ ਹੈ।

**Chunk 8.**

ਜੇ ਲਾਗ ਜ਼ਿਆਦਾ ਫੈਲਿਆ ਹੋਇਆ ਹੋਵੇ ਜਾਂ ਪੀਕ ਦੀ ਸਮੱਸਿਆ ਜ਼ਿਆਦਾ ਹੋਵੇ ਤਾਂ ਇਸ ਸੂਰਤ ਵਿਚ ਦਵਾਈਆਂ ਦੇ ਨਾਲ ਨਾਲ ਸਰਜਰੀ ਦੀ ਲੋੜ ਵੀ ਪੈ ਸਕਦੀ ਹੈ। ਕਈ ਵਾਰ ਟੀਬੀ ਕਾਰਨ ਰੀੜ੍ਹ ਦੀ ਹੱਡੀ ਨੂੰ

**Chunk 9.**

ਜ਼ਿਆਦਾ ਨੁਕਸਾਨ ਪੁੱਜਣ ਲੱਗਦਾ ਹੈ। ਅਜਿਹੀ ਗੰਭੀਰ ਹਾਲਤ ਵਿਚ ਸਰਜਰੀ ਹੀ ਇਸ ਦਾ ਇਕਮਾਤਰ ਇਲਾਜ ਹੁੰਦਾ ਹੈ। ਅਪਰੇਸ਼ਨ ਤੋਂ ਬਾਅਦ ਬੰਦਾ ਹਰ ਰੂਪ ਤੋਂ ਤੰਦਰੁਸਤ ਹੋ ਜਾਂਦਾ ਹੈ ਲੇਕਿਨ ਮਗਰੋਂ ਵੀ ਉਸ ਨੂੰ ਨੇਮ ਨਾਲ ਮੁਆਇਨਾ ਕਰਵਾਉਣ

**Chunk 10.**

ਅਤੇ ਖਾਣ-ਪੀਣ ਉੱਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੁੰਦੀ ਹੈ। ਸਾਧਾਰਨ ਟੀਬੀ ਦਾ ਇਲਾਜ ਆਮ ਕਰਕੇ 6 ਮਹੀਨੇ ਵਿਚ ਹੋ ਜਾਂਦਾ ਹੈ ਲੇਕਿਨ ਸਪਾਨਇਲ ਟੀਬੀ ਦੂਰ ਹੋਣ ਵਿਚ 12 ਤੋਂ 18 ਮਹੀਨੇ ਦਾ ਵਕਤ ਲੱਗ ਸਕਦਾ ਹੈ।

# ਚੌਥਾ ਅਧਿਆਏ

# (ਲਾਈਨ ਪਹਿਲੀ -ਸ਼ਿਫਟ ਨਾਲ)

**ਪਹਿਲੀ ਲਾਈਨ ਵਿੱਚ ਸ਼ਿਫਟ ਦੱਬ ਕੇ ਔ ਐ ਆ ਈ ਊ ਅਤੇ ਭ ਙ ਘ ਧ ਝ ਢ (ਞ) ਅੱਖਰ ਪੈਂਦੇ ਹਨ। ਇਸ ਵਿੱਚ ਇੱਕ ਵਾਧੂ ਅੱਖਰ ਞ ਚੀਚੀ ਨਾਲ ਢ ਦੇ ਨਾਲ ਵਾਲੇ ਬਟਨ ਤੋਂ ਪੈਂਦਾ ਹੈ।**

**ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-**

## ਔ ਐ ਆ ਈ ਊ ਭ ਙ ਘ ਧ ਢ ਞ

**ਔਐਆਈਊਈ ਙਭਙਘਧਢਞ ਔਐਆਈਊਈ ਙਭਙਘਧਢਞ ਔਐਆਈਊਈ ਙਭਙਘਧਢਞ ਔਐਆਈਊਈ ਙਭਙਘਧਢਞ ਔਐਆਈਊਈ ਙਭਙਘਧਢਞ ਔਐਆਈਊਈ ਙਭਙਘਧਢਞ ਔਐਆਈਊਈ ਙਭਙਘਧਢਞ**

**ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ :-**

**ਅਭਿਆਸ 1**

**ਘਧਾ ਢਾਬ ਐਭ ਊਘ ਈਭ ਊਭ ਐਢ ਞਞ ਆਧਾ ਔਭ ਐਭ ਆਘ ਈਢ ਢੀਢ**

**ਅਭਿਆਸ 2**

**ਭਰਾ ਘਰ ਬਰ ਭਰ ਭਠ ਗਠ ਹਠ ਚੌੜ ਐਬ ਔੜ ਊਠ ਊਭ ਛੈਅ ਪੈਰ ਤੈਰ ਐਪ ਆਗ ਭਾਗ ਔਖ ਪਙ ਘੁਘ ਧੀਰ ਝਿਜਕ ਢੀਠ ਜਞ ਝਘ ਆਰਾ ਤਾਰਾ ਕਾਰਾ ਕਾਕਾ ਚਾਚਾ ਦਾਦਾ ਪਾਪਾ ਬੀਬੀ ਬਾਬਾ ਬੇਬੇ ਤਾਰਾ ਪਾੜਾ ਰਾੜਾ ਕਾੜਾ ਕੀੜਾ**

## ਅਭਿਆਸ 39

**Chunk 1.**

1913 ਵਿਚ ਬਣੀ ਗ਼ਦਰ ਪਾਰਟੀ ਨੇ ਅੰਗਰੇਜ਼ਾਂ ਦੇ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਕਾਫ਼ੀ ਪ੍ਰਬਲ ਕਰ ਦਿੱਤਾ ਸੀ। ਇਸ ਪਾਰਟੀ ਦੇ ਝੰਡੇ ਹੇਠ ਤਕਰੀਬਨ 8 ਹਜ਼ਾਰ ਪੰਜਾਬੀ ਉੱਤਰੀ ਅਮਰੀਕਾ ਤੋਂ ਵਾਪਸ ਆਏ ਜਿਨ੍ਹਾਂ ਨੇ ਪੰਜਾਬ ਵਿਚ

**Chunk 2.**

ਹਥਿਆਰਬੰਦ ਬਗਾਵਤ ਕਰਨ ਦੀ ਕੋਸ਼ਿਸ਼ ਕੀਤੀ। ਪੰਜਾਬ ਵਿਚ ਗ਼ਦਰ ਜੁਝਾਰੂਆਂ ਨੇ ਹਿੰਦੋਸਤਾਨੀ ਸ਼ਾਂਤੀ ਤੇ ਪੂਰਨ ਅੰਗਰੇਜ਼ੀ ਸਾਥ ਦੇ ਅੰਗਰੇਜ਼ੀ ਭਰਮ ਨੂੰ ਨੰਗਾ ਕਰ ਦਿੱਤਾ। ਅੰਗਰੇਜ਼ੀ ਹਕੂਮਤ ਨੇ ਦਮਨ ਦਾ ਦੌਰ ਚਲਾਇਆ ਜਿਸ ਤਹਿਤ 291 ਗ਼ਦਰੀਆਂ ’ਤੇ

**Chunk 3.**

ਮੁਕੱਦਮੇ ਚੱਲੇ, 42 ਨੂੰ ਮੌਤ ਦੀ ਸਜ਼ਾ, 114 ਨੂੰ ਉਮਰ ਕੈਦ, 93 ਨੂੰ ਵੱਖ ਵੱਖ ਸਜ਼ਾਵਾਂ ਹੋਈਆਂ ਅਤੇ 42 ਬਰੀ ਹੋਏ। ਇਨ੍ਹਾਂ ਕ੍ਰਾਂਤੀਕਾਰੀ ਗਤੀਵਿਧੀਆਂ ’ਤੇ ਕਾਬੂ ਪਾਉਣ ਲਈ ‘ਸੈਡੀਸ਼ਨ ਕਮੇਟੀ’ ਬਣਾਈ ਗਈ ਜਿਸ ਦੀਆਂ

**Chunk 4.**

ਸਿਫਾਰਸ਼ਾਂ ’ਤੇ ਰੌਲਟ ਬਿੱਲ ਪੇਸ਼ ਹੋਏ ਅਤੇ ਅੱਗੇ ਜਾ ਕੇ ਰੌਲਟ ਐਕਟ ਬਣਿਆ। ਬੇਸ਼ੱਕ ਦੂਜੇ ਪਾਸੇ 1914 ਤੋਂ ਬਾਅਦ ਪੰਜਾਬ ਦਾ ਬ੍ਰਿਟਿਸ਼ ਫ਼ੌਜ ਵਿਚ ਸਭ ਤੋਂ ਜ਼ਿਆਦਾ ਹਿੱਸਾ ਸੀ। ਸੈਨਾ ਅਤੇ ਸਾਧਨਾਂ ਦੇ

**Chunk 5.**

ਰੂਪ ਵਿਚ ਪੰਜਾਬ ਵੱਲੋਂ ਦਿੱਤੀ ਜਾ ਰਹੀ ਭਰਵੀਂ ਹਮਾਇਤ ਦੇ ਬਾਵਜੂਦ ਅੰਗਰੇਜ਼ਾਂ ਨੂੰ ਬਗਾਵਤ ਦੀ ਬੋ ਆ ਰਹੀ ਸੀ। ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਬਾਰ ਬਾਰ 1857 ਦਾ ਹਵਾਲਾ

**Chunk 6.**

ਦੇ ਕੇ ਦਮਨਕਾਰੀ ਕਾਨੂੰਨ ਪਾਸ ਕਰਵਾਉਣਾ ਚਾਹੁੰਦਾ ਸੀ ਜਿਸ ਵਿਚ ਉਹ ਕਾਮਯਾਬ ਵੀ ਹੋ ਗਿਆ। ਰੌਲਟ ਐਕਟ ਵਿਰੁੱਧ ਦੇਸ਼ ਵਿਆਪੀ ਹੜਤਾਲ ਹੋਈ ਜਿਸਦਾ ਸਭ ਤੋਂ ਜ਼ਿਆਦਾ ਅਸਰ ਪੰਜਾਬ ਅਤੇ ਖ਼ਾਸਕਰ ਅੰਮ੍ਰਿਤਸਰ ਵਿਚ

**Chunk 7.**

ਨਜ਼ਰ ਆਇਆ। ਹੜਤਾਲ ਦੌਰਾਨ 6 ਅਤੇ 9 ਅਪਰੈਲ ਨੂੰ ‘ਹਿੰਦੂ ਮੁਸਲਮਾਨ ਕੀ ਜੈ’, ‘ਮਹਾਤਮਾ ਗਾਂਧੀ ਕੀ ਜੈ’ ਅਤੇ ‘ਕਿਚਲੂ-ਸੱਤਿਆਪਾਲ ਕੀ ਜੈ’ ਦੇ ਨਾਅਰੇ ਲੱਗੇ। ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਅੰਗਰੇਜ਼ਾਂ ਨੇ

**Chunk 8.**

ਆਪਣਾ ਪੁਲੀਸ ਬੰਦੋਬਸਤ ਵਧਾ ਲਿਆ। ਇਸ ਕਰਕੇ ਮਾਰਚ ਅਪਰੈਲ 1919 ਦੀਆਂ ਘਟਨਾਵਾਂ ਉਨ੍ਹਾਂ ਲਈ 1857 ਦੇ ਡਰਾਉਣੇ ਸੁਪਨੇ ਨਾਲੋਂ ਘੱਟ ਨਹੀਂ ਸਨ। ਇਸ ਕਰਕੇ ਜਨਰਲ ਡਾਇਰ ਜੱਲ੍ਹਿਆਂ ਵਾਲੇ ਬਾਗ਼ ਵਿਚ ਜਾਣ ਤੋਂ ਪਹਿਲਾਂ

**Chunk 9.**

ਆਪਣਾ ਮਨ ਬਣਾ ਚੁੱਕਾ ਸੀ। 9-10 ਅਪਰੈਲ ਦੀਆਂ ਘਟਨਾਵਾਂ ਦਹਾਕਿਆਂ ਤੋਂ ਪਰਿਪੱਕ ਹੋ ਰਹੀ ਬਸਤੀਵਾਦੀ ਨੀਤੀ ਨੂੰ ਉਸਦੇ ਅੰਜ਼ਾਮ ਵੱਲ ਲੈ ਗਈਆਂ। ਜੱਲ੍ਹਿਆਂ ਵਾਲੇ ਬਾਗ਼ ਦੀ ਘਟਨਾ ਤੋਂ ਤੁਰੰਤ ਬਾਅਦ ਕਈ ਅੰਗਰੇਜ਼ਾਂ ਨੇ ਇਹ

**Chunk 10.**

ਕਹਿ ਕੇ, ‘ਡਾਇਰ ਇਕ ਅੰਗਰੇਜ਼ ਨਾ ਹੋ ਕੇ ਆਇਰਿਸ਼ ਹੈ’ ਇਕ ਪਾਸੇ ਤਾਂ ਡਾਇਰ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਦੂਜੇ ਪਾਸੇ ਇਸ ਕਤਲੇਆਮ ਦੀ ਨੈਤਿਕ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ।

# ਪੰਜਵਾਂ ਅਧਿਆਏ

# ਲਾਈਨ ਤੀਸਰੀ

ਤੀਸਰੀ ਲਾਈਨ ਵਿੱਚ ਟਾਈਪ ਕਰਨ ਲਈ ਵੀ ਸਾਨੂੰ ਆਪਣੀਆਂ ਉਂਗਲਾਂ ਨੂੰ ਮੁੱਖ ਲਾਈਨ ਤੋਂ ਹੇਠਾਂ ਵੱਲ ਲਿਆ ਕੇ ਅੱਖਰ ਟਾਈਪ ਕਰਨੇ ਪੈਣਗੇ। ਪਰ ਇੱਕ ਗੱਲ ਧਿਆਨ ਵਿੱਚ ਰਹੇ ਕੇ ਅੱਖਰ ਟਾਈਪ ਕਰਨ ਤੋਂ ਬਾਅਦ ਉਂਗਲਾਂ ਵਾਪਿਸ ਮੁੱਖ ਲਾਈਨ ਤੇ ਹੀ ਮੁੜ ਕੇ ਆਉਣੀਆਂ ਚਾਹੀਦੀਆਂ ਹਨ। ਤੀਸਰੀ ਲਾਈਨ ਵਿੱਚ ਅਸੀਂ ੰ ਮ ਨ ਅਤੇ ਵ ਲ ਸ , . ਯ ਟਾਈਪ ਕਰਾਂਗੇ। ਇਹਨਾਂ ਅੱਖਰਾਂ ਦੀ ਟਾਈਪਿੰਗ ਵੇਲੇ ਸਾਡੀ ਖੱਬੇ ਹੱਥ ਦੀਰਿੰਗ ਫਿੰਗਰ ਨੂੰ ਹੇਠਾਂ ਵੱਲ ਲਿਆ ਕੇ ੰ ਟਾਈਪ ਕਰਾਂਗੇ ਅਤੇ ਵਿਚਾਲੇ ਦੀ ਉਂਗਲ ਨਾਲ `ਮ ਅਤੇ ਪਹਿਲੀ ਉਂਗਲ ਨਾਲ ਨ ਅਤੇ ਵ ਟਾਈਪ ਕਰਾਂਗੇ। ਸੱਜੇ ਹੱਥ ਦੀ ਪਹਿਲੀ ਉਂਗਲ ਨਾਲ `ਲ, ਦੂਜੀ ਉਂਗਲ ਨਾਲ ਸ ਅਤੇ ਤੀਜੀ ਉਂਗਲ ਨਾਲ ( , ) ਅਤੇ ਚੀਚੀ ਨਾਲ (. ਅਤੇ ਯ ) ਟਾਈਪ ਕਰਾਂਗੇ।

### ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-

## ੰ ਮ ਨ ਵ ਲ ਸ , . ਯ

ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ ੰਮਨ ਵਲਸ , . ਯ

### ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ:-

**ਅਭਿਆਸ 1.**

ਮਨ ਮੰਨ ਸਨ ਸੰਨ ਨਲ ਵਲ ਸਲ ਕਲ ਤਲ ਰਲ ਮਲ ਪਲ ਕਲ ਗਲ ਜਲ ਹਲ ਹਨ ਹੰਸ ਰਸ ਕਸ ਕੰਸ ਕੰਮ ਯਗ ਯਰ ਯਕ ਯਵ ਯਹ ਮਰ ਸਰ ਲਰ ਵਰ

**ਅਭਿਆਸ 2.**

ਮਾਨ ਕਾਨ ਤਾਨ ਚੰਨ ਤੰਨ ਕੰਨ ਨਾਲ ਸਾਲ ਪਾਲ ਕਾਲ ਤਾਲ ਤਾਨ ਸਾਨ ਗਾਨ ਕਾਨ ਪਾਨ ਟੰਕ ਸੰਕ ਰੰਕ ਚੰਕ ਸੰਗ ਰੰਗ ਕੰਧ ਪੰਛ ਬੰਦ ਸੰਦ ਛੰਦ ਗੰਧ ਨਾੜ ਲਾਰ ਸਾਰ ਗੈਸ ਲੈਸ ਕੈਸ ਮੈਸ ਯੰਗ ਯਾਰ ਯੈਸ ਯੈਲ ਲੈਯ ਵੈਲ ਮੈਲ ਵਾਲ ਵੇਲ ਰੇਲ

## ਅਭਿਆਸ 38

Chunk 1.

ਇਤਿਹਾਸਕ ਗੁਰਦੁਆਰਾ ਫਤਹਿ-ਏ-ਜੰਗ ਸਾਹਿਬ ਚੱਪੜਚਿੜੀ ਤੋਂ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਫਤਹਿ ਦਿਵਸ ਨੂੰ ਸਮਰਪਿਤ ਅੱਜ 'ਫਤਹਿ ਮਾਰਚ' ਅੱਜ ਖ਼ਾਲਸਾਈ ਜਾਹੋ-ਜਲਾਲ ਨਾਲ ਸ਼ੁਰੂ ਹੋਇਆ,

Chunk 2.

ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਰਵਾਨਾ ਕੀਤਾ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿੱਚ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

Chunk 3.

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਪ੍ਰਸਤੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋਏ ਫਤਹਿ ਮਾਰਚ ਵਿੱਚ ਰਵਾਇਤੀ ਬਾਣੇ ਅਤੇ ਸ਼ਸਤਰਾਂ ਨਾਲ ਸਜੇ ਘੋੜ ਸਵਾਰ ਨਿਹੰਗ ਸਿੰਘਾਂ ਸਮੇਤ ਵੱਡੀ ਗਿਣਤੀ ਸੰਗਤ ਸ਼ਾਮਲ ਹੋਈ।

Chunk 4.

ਪ੍ਰੋ. ਬਡੂੰਗਰ ਨੇ ਕਿਹਾ ਕਿ ਬੰਦਾ ਸਿੰਘ ਬਹਾਦਰ ਨੇ ਮੁਗਲ ਫੌਜਾਂ ਦਾ ਖ਼ਾਤਮਾ ਕਰਕੇ ਅਸਲ ਵਿੱਚ ਚੱਪੜਚਿੜੀ ਦੇ ਮੈਦਾਨ 'ਚੋਂ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਆਰੰਭੀ ਸੀ ਅਤੇ ਸੂਬਾ ਸਰਹਿੰਦ ਨੂੰ

Chunk 5.

ਮੌਤ ਦੇ ਘਾਟ ਉਤਾਰ ਕੇ ਜਿੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲਿਆ, ਉੱਥੇ 700 ਸਾਲਾਂ ਦੀ ਗੁਲਾਮੀ ਤੋਂ ਬਾਅਦ ਪਹਿਲੇ ਸਿੱਖ ਰਾਜ ਦੀ ਸਥਾਪਨਾ ਕਰਕੇ ਬੇਜ਼ਮੀਨੇ

Chunk 6.

ਲੋਕਾਂ ਨੂੰ ਜ਼ਮੀਨਾਂ ਦੀ ਮਾਲਕੀ ਦੇ ਅਧਿਕਾਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨ ਲਈ ਸਿੱਖ ਲੀਡਰਸ਼ਿਪ ਦੀ ਯੋਗ ਅਗਵਾਈ ਦੀ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ

Chunk 7.

ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਕੁਰਬਾਨੀ ਅਤੇ ਵਿਚਾਰਧਾਰਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸ਼ਹਿਰਾਂ ਅਤੇ ਪਿੰਡ ਪੱਧਰ 'ਤੇ ਵੱਖ-ਵੱਖ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ।

Chunk 8.

ਉਨ੍ਹਾਂ ਪੰਜਾਬ ਵਾਸੀਆਂ ਨੂੰ ਫਤਹਿ ਦਿਵਸ ਦੀ ਵਧਾਈ ਦਿੰਦੇ ਹੋਏ ਬਾਬਾ ਬੰਦਾ ਸਿੰਘ ਬਹਾਦਰ ਦੀ ਜੀਵਨੀ ਬਾਰੇ ਵੀ ਚਾਨਣਾ ਪਾਇਆ। ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਨੇ ਚੱਪੜਚਿੜੀ ਵਿੱਚ

Chunk 9.

ਜੰਗੀ ਯਾਦਗਾਰ ਸਥਾਪਤ ਕਰਕੇ ਸੰਗਤ ਨੂੰ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦਾ ਬਹੁਤ ਵੱਡਾ ਤੇ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਮੌਕੇ

Chunk 10.

ਕਰਨੈਲ ਸਿੰਘ ਪੰਜੋਲੀ, ਨਿਰਮੈਲ ਸਿੰਘ ਜੌਲਾ ਤੇ ਚਰਨਜੀਤ ਸਿੰਘ ਕਾਲੇਵਾਲ, ਬਾਬਾ ਬੁੱਢਾ ਦਲ 96 ਕਰੋੜੀ ਤੋਂ ਬਾਬਾ ਬਲਬੀਰ ਸਿੰਘ, ਰਵਿੰਦਰ ਸਿੰਘ ਖਾਲਸਾ, ਡਾ. ਪਰਮਜੀਤ ਸਿੰਘ ਸਰੋਆ ਤੇ ਸਿਮਰਨਜੀਤ ਸਿੰਘ ਹਾਜ਼ਰ ਸਨ।

# ਛੇਵਾ ਅਧਿਆਏ

# ਲਾਈਨ ਤੀਸਰੀ (ਸ਼ਿਫਟ ਨਾਲ)

ਤੀਸਰੀ ਲਾਈਨ ਵਿੱਚ ਅਸੀਂ ( ਂ ਣ ੲ ਅਤੇ ਲ਼ ਸ਼ ।) ਵਰਗੇ ਅੱਖਰ ਟਾਈਪ ਕਰਨਾ ਸਿਖਾਂਗੇ। ਇਹਨਾਂ ਨੂੰ ਟਾਈਪ ਕਰਨ ਲਈ ਬਾਕੀ ਨਿਯਮ ਪੰਜਵੇਂ ਅਧਿਆਏ ਵਾਲੇ ਹੀ ਹੋਣਗੇ ਪਰ ਹਰ ਅੱਖਰ ਸ਼ਿਫਟ ਬਟਨ ਦਬਾ ਕੇ ਪਾਉਣਾ ਹੋਵੇਗਾ। ਇਸ ਵਿੱਚ ਬਿੰਦੀ ( ਂ ) ਖੱਬੇ ਹੱਥ ਦੀ ਤੀਜੀ ਉਂਗਲ ਨਾਲ (ਣ) ਵਿਚਲੀ ਉਂਗਲ ਨਾਲ ਅਤੇ ( ੲ ) ਪਹਿਲੀ ਉਂਗਲ ਨਾਲ (ਵ) ਦੀ ਥਾਂ ਤੇ ਪਏਗਾ। ਚੀਚੀ ਨਾਲ ਅਤੇ (ਨ) ਵਾਲੀ ਥਾਂ ਤੇ ਕੋਈ ਅੱਖਰ ਨਹੀਂ ਪਵੇਗਾ। ਇਸੇ ਤਰਾਂ (ਲ਼) ਸੱਜੇ ਹੱਥ ਦੀ ਪਹਿਲੀ ਉਂਗਲ ਅਤੇ (ਸ਼) ਦੂਜੀ ਉਂਗਲ ਨਾਲ ਪਏਗਾ, (।) ਡੰਡੀ ਸੱਜੇ ਹੱਥ ਦੀ ਚੀਚੀ ਨਾਲ ਪਵੇਗੀ।

### ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-

## ਂ ਣ ੲ ਲ਼ ਸ਼ ।

ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼।
ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ ਲ਼ ਸ਼। ਂ ਣੲ

### ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ:-

**ਅਭਿਆਸ 1.**

ਰਣ ਲੲ ਲ਼ਰ । ਕਲ਼ ਛਣ । ਸਾਂਗ ਲਾਂਘਾ । ਪਲ਼ ਸ਼ਕ । ਰਸ਼ ਸ਼ਹਿ । ਤਣ ਕਣ । ਸਣ ੲਖ । ਕਾਂ ਮਾਂ । ਛਾਂ ਹਾਂ । ਜਾਂ ਲਾਂ ।

**ਅਭਿਆਸ 2.**

ਸ਼ਰਬਤ ਵਲਵਲਾ ਰਣ ਗਣਤ ਮਣਤ ਸ਼ਲਗਮ ਸਾਂਵਲਾ ਆਂਵਲ਼ਾ ਸ਼ਿਆਮ ।

ਸ਼ਰਾਰਤ ਸਾਂਗ ਵਲ਼ਸ਼ਲ਼ ਰੁਲ਼ਾ ਚੁਲ਼ਾ ਰਣਵਾਰ ਰਣਜੀਤ ਸੰਗਮ ਰੰਙਣ ।

## ਅਭਿਆਸ 37

**Chunk 1.**

ਦੁਬਈਲੈਂਡ ਜ਼ਿਲ੍ਹੇ ਦੇ ਅਲਬਰਸ਼ਾ ਸਾਊਥ ਇਲਾਕੇ ਵਿਚ ਸਥਿਤ ਇਹ ਬਾਗ਼ ਵੈਲੈਨਟਾਈਨ ਡੇਅ ਮੌਕੇ 14 ਫਰਵਰੀ 2013 ਨੂੰ ਜਨਤਾ ਲਈ ਖੋਲ੍ਹਿਆ ਗਿਆ ਸੀ। ਇਹ ਤਕਰੀਬਨ 18 ਏਕੜ ਰਕਬੇ ਵਿਚ ਫੈਲਿਆ ਹੋਇਆ ਹੈ। ਇਸ ਬਾਗ਼ ਵਿਚ

**Chunk 2.**

5 ਕਰੋੜ ਫੁੱਲ, 25 ਕਰੋੜ ਪੌਦੇ ਅਤੇ 120 ਤਰ੍ਹਾਂ ਦੇ ਫੁੱਲਾਂ ਦੀਆਂ ਕਿਸਮਾਂ ਹਨ। ਇਨ੍ਹਾਂ ਵਿਚ ਵਧੇਰੇ ਫੁੱਲ ਮੌਸਮੀ ਹਨ ਜਿਨ੍ਹਾਂ ਵਿਚ ਚਿੱਟੇ ਅਤੇ ਲਾਲ ਰੰਗ ਦੇ ਪੈਟੂਨੀਆ, ਚਿੱਟਾ ਜੈਰੇਨੀਅਮ, ਪੀਲਾ ਵਾਇਓਲਾ, ਜ਼ਿਨੀਆ ਮੈਰੀਗੋਲਡ ਆਦਿ ਹਨ।

**Chunk 3.**

ਇਨ੍ਹਾਂ ਦੀ ਸਾਂਭ-ਸੰਭਾਲ ਸੋਧ ਕੇ ਮੁੜ ਵਰਤੋਂ 'ਚ ਲਿਆਂਦੇ ਪਾਣੀ ਦੁਆਰਾ ਤੁਪਕਾ ਸਿੰਜਾਈ ਵਿਧੀ ਰਾਹੀਂ ਕੀਤੀ ਜਾਂਦੀ ਹੈ। ਇਸ ਪ੍ਰਾਜੈਕਟ ਦੀ ਕੁਲ ਕੀਮਤ 4 ਕਰੋੜ ਦਰਾਮ (1.1 ਕਰੋੜ ਅਮਰੀਕੀ ਡਾਲਰ) ਹੈ। ਅਬਦਲ ਨਾਸਰ ਰਾਹਲ ਇਸ

**Chunk 4.**

ਦਾ ਸਿਰਜਕ ਹੈ। ਇਸ ਬਾਗ਼ ਵਿਚ ਸੈਲਾਨੀਆਂ ਲਈ ਅਨੇਕਾਂ ਸਹੂਲਤਾਂ ਹਨ। ਵਿਸ਼ਾਲ ਪਾਰਕਿੰਗ ਹੈ। ਦੋ ਤਿੰਨ ਘੰਟੇ ਘੁੰਮਣ-ਫਿਰਨ ਕਰ ਕੇ ਥੱਕ ਜਾਣ ਵਾਲਿਆਂ ਲਈ ਆਰਾਮ ਕਰਨ ਲਈ ਬੈਠਣ ਦਾ ਪ੍ਰਬੰਧ ਹੈ। ਲੇਟਵੇਂ ਝੂਲੇ ਹਨ।

**Chunk 5.**

ਦਿਵਿਆਂਗਾਂ ਲਈ ਲੰਬੂਤਰਾ ਜਿਹਾ ਮੋਟਰ ਕਾਰਟ (ਠੇਲਾ) ਹੈ। ਖਾਣ-ਪੀਣ ਲਈ ਵਸਤਾਂ ਅਤੇ ਜੂਸ ਦੀਆਂ ਦੁਕਾਨਾਂ ਹਨ। ਹਾਂ, ਸੌਦਾ ਜ਼ਰਾ ਮਹਿੰਗਾ ਹੈ। ਅਸਾਂ 30 ਦਰਾਮ (566 ਰੁਪਏ) ਦਾ ਜੂਸ ਦਾ ਇਕ ਗਲਾਸ ਪੀ ਤਾਂ ਲਿਆ, ਪਰ ਸਾਰਾ

**Chunk 6.**

ਦਿਨ ਗਿਣਤੀ-ਮਿਣਤੀ ਵਿਚ ਹੀ ਲੱਗੇ ਰਹੇ। ਇਸ ਦੀ ਦਾਖ਼ਲਾ ਟਿਕਟ 50 ਦਰਾਮ (943.5 ਰੁਪਏ) ਹੈ। ਇਹ ਬਾਗ਼ ਭਰ ਗਰਮੀਆਂ ਵਿਚ ਬੰਦ ਰਹਿੰਦਾ ਹੈ ਇਸ ਬਾਗ਼ ਵਿਚ ਬੌਲੀਵੁੱਡ ਫਿਲਮ 'ਹਮਾਰੀ ਅਧੂਰੀ ਕਹਾਨੀ' ਦੇ ਕੁਝ ਦ੍ਰਿਸ਼ ਫਿਲਮਾਏ

**Chunk 7.**

ਗਏ ਸਨ। ਦੁਬਈ ਮਿਰਾਕਲ ਗਾਰਡਨ ਵਿਸ਼ਵ ਵਿਚ ਤੇਜ਼ੀ ਨਾਲ ਪ੍ਰਚੱਲਿਤ ਹੋ ਰਹੇ ਗਾਰਡਨ ਟੂਰਿਜ਼ਮ ਦਾ ਹਿੱਸਾ ਹੈ। ਖਿੜੇ ਹੋਏ ਫੁੱਲ, ਮਹਿਰਾਬਦਾਰ ਸਜਾਵਟ, ਮੀਨਾਰਕਾਰ ਢਾਂਚੇ, ਰਾਸ਼ਟਰੀ ਮੂਰਤੀਕਾਰੀ ਆਦਿ ਇਕ ਵੱਖਰੇ ਕਿਸਮ ਦੀ

**Chunk 8.**

ਸੈਰ-ਸਪਾਟਾ ਸਰਗਰਮੀ ਹੈ ਜੋ ਸੈਲਾਨੀਆਂ ਨੂੰ ਕੁਦਰਤ ਦੀ ਗੋਦ ਵਿਚ ਵਿਭਿੰਨ ਤੇ ਵਿਲੱਖਣ ਅਹਿਸਾਸ ਅਤੇ ਆਨੰਦ ਪ੍ਰਦਾਨ ਕਰਦੇ ਹਨ। ਇਕ ਅੰਦਾਜ਼ੇ ਮੁਤਾਬਿਕ ਗਾਰਡਨ ਟੂਰਿਜ਼ਮ ਦੁਨੀਆਂ ਵਿਚ ਹਰ ਸਾਲ 25 ਕਰੋੜ ਸੈਲਾਨੀਆਂ ਨੂੰ ਆਕਰਸ਼ਤ ਕਰਦੀ ਹੈ।

**Chunk 9.**

ਦੁਬਈ ਸੈਰ ਸਪਾਟਾ ਵਿਭਾਗ ਮੁਤਾਬਿਕ ਦੁਬਈ ਦੇ ਮਿਰਾਕਲ ਗਾਰਡਨ ਦੇ ਖੁੱਲ੍ਹਣ ਦੇ ਪਹਿਲੇ ਮਹੀਨੇ ਹੀ ਇੱਥੇ ਦੋ ਲੱਖ ਤੋਂ ਵੱਧ ਲੋਕ ਆਏ। ਸ਼ੁੱਕਰਵਾਰ ਛੁੱਟੀ ਵਾਲੇ ਦਿਨ ਅਤੇ ਵੀਕ ਐਂਡ 'ਚ ਇੱਥੇ ਕਰੀਬ ਤੀਹ ਹਜ਼ਾਰ ਤੋਂ

**Chunk 10.**

ਪੰਝਤਾਲੀ ਹਜ਼ਾਰ ਸੈਲਾਨੀ ਅਤੇ ਸਥਾਨਕ ਲੋਕ ਆਉਂਦੇ ਹਨ। ਨਿਰਸੰਦੇਹ, ਇਹ ਖੁੱਲ੍ਹੇ ਅੰਬਰ ਥੱਲੇ ਮਨ-ਪਰਚਾਵੇ ਦਾ ਇਕ ਅਤਿ ਉੱਤਮ ਸਾਧਨ ਹੈ। ਮਾਰੂਥਲ ਵਿਚ ਮੁਸਕਰਾਉਂਦੇ ਅਤੇ ਮਹਿਕਦੇ ਫੁੱਲ ਸਭ ਦਾ ਬਾਂਹਾਂ ਉਲਾਰ ਕੇ ਸਵਾਗਤ ਕਰਦੇ ਹਨ

# ਸੱਤਵਾਂ ਅਧਿਆਏ

# ਨੁਮੈਰੀਕਲ ਲਾਈਨ

ਨੁਮੈਰੀਕਲ ਲਾਈਨ ਜਿਵੇਂ ਕਿ ਆਪਾਂ ਜਾਣਦੇ ਹੀ ਹਾਂ ਕਿ ਗਣਿਤਿਕ ਅੱਖਰਾਂ ਨੂੰ ਅਤੇ ਕੁਝ ਚਿੰਨਾਂ ਨੂੰ ਪਾਉਣ ਲਈ ਹੁੰਦੇ ਹਨ। ਇਸ ਦੀ ਪ੍ਰੈਕਟਿਸ ਲਈ ਆਪਣੇ ਹੱਥਾਂ ਦੋਵੇਂ ਹੱਥਾਂ ਦੀਆਂ ਉਂਗਲਾਂ ਨੂੰ ਇਵੇਂ ਰੱਖੋ ਕਿ ਖੱਬੇ ਹੱਥ ਦੀ ਚੀਚੀ ਸੰਖਿਆ 1 ਤੇ ਅਤੇ ਸੱਜੇ ਹੱਥ ਦੀ ਚੀਚੀ 0 ਤੇ ਹੋਵੇ। ਖੱਬੇ ਹੱਥ ਨਾਲ ਅਸੀਂ 1 2 3 4 5 ਅਤੇ ਸੱਜੇ ਹੱਥ ਨਾਲ 6 7 8 9 0 ਟਾਈਪ ਕਰਾਂਗੇ।

ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-

## 1 2 3 4 5 6 7 8 9 0

**Alt+Gr** ਦੀ ਵਰਤੋਂ ਕਰਕੇ ਗੁਰਮੁਖੀ ਸੰਖਿਆਵਾਂ ਟਾਈਪ ਕੀਤੀਆਂ ਜਾਂਦੀਆਂ ਹਨ।

## ੧ ੨ ੩ ੪ ੫ ੬ ੭ ੮ ੯ ੦

ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ:-

ਅਭਿਆਸ 1

123454 767890 123454 767890 123454 767890 123454 767890 123454 767890

੧੨੩੪੫ ੬੭੮੯੦ ੧੨੩੪੫ ੬੭੮੯੦ ੧੨੩੪੫ ੬੭੮੯੦ ੧੨੩੪੫ ੬੭੮੯੦ ੧੨੩੪੫ ੬੭੮੯੦

ਅਭਿਆਸ 2

564321 86327 54910 86327 54910 86327

ਨੋਟ- ਉਕਤ ਤੋਂ ਇਲਾਵਾ ਤੁਸੀਂ ਆਪਣੇ ਫੋਨ ਨੰਬਰ , ਰੋਲ ਨੰਬਰ ਵਗੈਰਾ ਵੀ ਟਾਈਪ ਕਰ ਸਕਦੇ ਹੋ

## ਅਭਿਆਸ 36

**Chunk 1.**

ਦੁਬਈ ਦਾ ਮਿਰਾਕਲ ਗਾਰਡਨ (ਕ੍ਰਿਸ਼ਮਈ ਬਾਗ਼) ਅਜਿਹੀ ਹੀ ਜਗ੍ਹਾ ਹੈ ਜਿੱਥੇ ਜਾ ਕੇ ਮਨੁੱਖ ਦਾ ਹੋਰ ਜਿਊਣ ਨੂੰ ਦਿਲ ਕਰਦਾ ਹੈ। ਮਾਰਚ ਦੇ ਆਖ਼ਰੀ ਹਫ਼ਤੇ ਧਰਤ ਦੀ ਇਸ ਸੁਲੱਖਣੀ ਕੁੱਖ ਅਤੇ ਕੁਦਰਤ ਦੀ ਸੁਹਾਵਣੀ ਮੁਸਕਾਨ

**Chunk 2.**

ਦੇਖਣ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ। ਦੋ ਕੁਦਰਤ ਪ੍ਰੇਮੀ ਕਵੀਆਂ, ਅੰਗਰੇਜ਼ੀ ਦੇ ਵਿਲੀਅਮ ਵਰਡਜ਼ਵਰਥ ਅਤੇ ਪੰਜਾਬੀ ਦੇ ਭਾਈ ਵੀਰ ਸਿੰਘ ਦੀਆਂ ਸਤਰਾਂ ਚੇਤੇ ਆ ਗਈਆਂ। ਹਜ਼ਾਰਾਂ ਨੱਚਦੇ ਹਲਕੇ ਪੀਲੇ ਨਰਗਸੀ ਫੁੱਲਾਂ (ਡੈਫੋਡਿਲਜ਼) ਦੀ ਇਕ ਝਾਤ

**Chunk 3.**

ਵਰਡਜ਼ਵਰਥ ਨੂੰ ਆਉਣ ਵਾਲੇ ਸਮੇਂ ਲਈ ਸਦੀਵੀ ਆਨੰਦ ਬਖ਼ਸ਼ ਦਿੰਦੀ ਹੈ। ਉਹ ਇਕ ਹੋਰ ਥਾਂ ਕਹਿੰਦਾ ਹੈ, ਇਕ ਸਾਧਾਰਨ ਲਹਿਰਾ ਰਿਹਾ ਫੁੱਲ ਵੀ ਅਜਿਹੇ ਵਿਚਾਰ ਦੇ ਸਕਦਾ ਹੈ ਜੋ ਏਨੇ ਗਹਿਰੇ ਹੋਵਣ ਕਿ ਹੰਝੂ ਵਗ

**Chunk 4.**

ਪੈਣ। ਭਾਈ ਵੀਰ ਸਿੰਘ ਦੀ 'ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ/ ਲੱਖ ਗਾਹਕ ਜੇ ਆ ਕੇ ਸੁੰਘੇ ਖਾਲੀ ਇਕ ਨਾ ਜਾਈ' ਬੜੀ ਯਾਦ ਆਈ; ਭਾਵੇਂ ਇੱਥੇ ਡਾਲੀ ਨਾਲੋਂ ਤੋੜਨ ਵਾਲੀ ਗੱਲ

**Chunk 5.**

ਤਾਂ ਕੋਈ ਹੈ ਹੀ ਨਹੀਂ ਸੀ ਕਿਉਂਕਿ ਸੱਭਿਅਕ ਲੋਕ ਅਜਿਹਾ ਨਹੀਂ ਕਰਦੇ ਅਤੇ ਸਖ਼ਤ ਕਾਨੂੰਨ ਦਾ ਡਰ ਅਜਿਹਾ ਕਰਨ ਵੀ ਨਹੀਂ ਦਿੰਦਾ। ਫੁੱਲ ਤੋੜਨਾ ਤਾਂ ਦੂਰ ਦੀ ਗੱਲ, ਕੋਈ ਤਿਤਲੀਆਂ ਤਕ ਨੂੰ ਨਹੀਂ ਛੇੜਦਾ। ਦੁਬਈ

**Chunk 6.**

ਦੇ ਡਿਪਾਰਟਮੈਂਟ ਆਫ ਟੂਰਿਜ਼ਮ ਐਂਡ ਕਾਮਰਸ ਮਾਰਕੀਟਿੰਗ ਅਤੇ ਵਿਕੀਪੀਡੀਆ ਤੋਂ ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਦੁਬਈ ਦਾ ਮਿਰਾਕਲ ਗਾਰਡਨ ਕੁਦਰਤੀ ਫੁੱਲਾਂ ਵਾਲਾ ਦੁਨੀਆਂ ਦਾ ਸਭ ਤੋਂ ਵੱਡਾ ਬਾਗ਼ ਹੈ। ਇਸ ਵਿਚ ਮੌਜੂਦ ਕੁਦਰਤੀ ਫੁੱਲਾਂ ਦੀ ਦੀਵਾਰ

**Chunk 7.**

ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਦਰਜ ਹੈ। ਤਿੰਨ ਹੋਰ ਕਾਰਨਾਂ ਕਰਕੇ ਵੀ ਇਹ ਬਾਗ਼ ਇਸ ਕਿਤਾਬ ਵਿਚ ਦਰਜ ਹੈ। ਏਅਰਬੱਸ ਏ380 ਦਾ ਵਿਸ਼ਵ ਦਾ ਸਭ ਤੋਂ ਵੱਡਾ ਫੁੱਲਾਂ ਲੱਦਿਆ ਜਹਾਜ਼, 18 ਮੀਟਰ (60.66 ਫੁੱਟ)

**Chunk 8.**

ਉੱਚੀ ਅਤੇ 35 ਟਨ (317 ਕੁਇੰਟਲ) ਭਾਰੀ ਮਿੱਕੀ ਮਾਊਸ ਦੀ ਫੁੱਲਾਂ ਮੜ੍ਹੀ ਰਿਕਾਰਡ ਤੋੜ ਟੋਪੀਅਰੀ ਅਤੇ ਵਿਸ਼ਵ ਦਾ ਸਭ ਤੋਂ ਵੱਡਾ ਤੇ ਇਸ ਖਿੱਤੇ ਦਾ ਪਹਿਲਾ ਤਿਤਲੀਆਂ ਦਾ ਬਾਗ਼ ਵੀ ਇੱਥੇ ਮੌਜੂਦ ਹਨ। ਤਿਤਲੀਆਂ ਦੇ

**Chunk 9.**

ਬਾਗ਼ ਵਿਚ 26 ਕਿਸਮਾਂ ਦੀਆਂ 15,000 ਤਿਤਲੀਆਂ ਹਨ। ਇਹ ਸਾਰੇ ਦਿਉਕੱਦ ਢਾਂਚੇ ਬਿਆਨਣ ਨਾਲੋਂ ਦੇਖਣ ਦੀਆਂ ਸ਼ੈਆਂ ਵਧੇਰੇ ਹਨ। ਅਮੀਰਾਤ ਦਾ ਜੰਬੋ ਜੈੱਟ ਵੀ ਫੁੱਲਾਂ ਨਾਲ ਸ਼ਿੰਗਾਰਿਆ ਖੜ੍ਹਾ ਹੈ। ਉਂਜ ਤਾਂ ਇਸ ਬਾਗ਼ ਦੀਆਂ ਬਹੁਤੀਆਂ

**Chunk 10.**

ਆਕ੍ਰਿਤੀਆਂ ਵੱਡਆਕਾਰੀ ਹੀ ਹਨ ਕਿਉਂਕਿ ਵੱਡਾ ਆਕਾਰ ਹੀ ਇਨ੍ਹਾਂ ਦੀ ਵਡਿਆਈ ਹੈ। ਬਿੱਲੀਆਂ ਦਾ ਆਕਾਰ ਦੇਖ ਕੇ ਮਨੁੱਖ ਬੌਂਦਲ ਜਾਂਦਾ ਹੈ। ਫੁੱਲਾਂ ਦੀ ਫੁਲਕਾਰੀ ਪਹਿਨੀਂ ਕਿਸੇ ਪਹਾੜੀ ਚੋਟੀ ਵਾਂਗ ਖੜ੍ਹੀਆਂ ਹਨ ਚਾਰੇ ਦੀਆਂ ਚਾਰੇ।

# ਅੱਠਵਾਂ ਅਧਿਆਏ

# ਨੁਮੈਰੀਕਲ ਲਾਈਨ (ਸ਼ਿਫਟ ਨਾਲ)

**ਨੁਮੈਰੀਕਲ ਲਾਈਨ ਵਿੱਚ ਜਦੋਂ ਅਸੀ ਅੱਖਰ ਸ਼ਿਫਟ ਦਬਾ ਕੇ ਪਾਉਂਦੇ ਹਾਂ ਤਾਂ ੍ਹ ੍ਵ ੍ਯ ੱ ( ) - ਯਾਨੀ ਕਿ ਪੈਰ ਵਿੱਚ ( ਸ਼ਿਫਟ ` ) ਹਾਹਾ, (ਸ਼ਿਫਟ 1 ) ਵਾਵਾ, (ਸ਼ਿਫਟ 2 ) ਯਯਾ ਅਤੇ ( ਸ਼ਿਫਟ 4 ) ਅੱਧਕ ਵਰਗੇ ਸਪੈਸ਼ਲ ਕਰੈਕਟਰ ਅਤੇ ( ਸ਼ਿਫਟ 9 ਅਤੇ 0 ) ਬਰੈਕਟਾਂ ਪੈਂਦੀਆਂ ਹਨ।**
**ਸਪੈਸ਼ਲ ਨੋਟ ( ਇਸ ਲਾਈਨ ਦੀ ਐਕਸਰਸਾਈਜ਼ ਨੂੰ ਵਿੰਡੋਜ਼ ਦੀ ਨੋਟ ਪੈਡ ਤੇ ਕਰਨ ਦੀ ਕੋਸ਼ਿਸ਼ ਕਰੋ)**

**ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-**

## ੍ਹ ੍ਵ ੍ਯ ੱ ( ) -

**੍ਹ ੍ਵ ੍ਯ ੱ ( ) - ੍ਹ ੍ਵ ੍ਯ ੱ ( ) - ੍ਹ ੍ਵ ੍ਯ ੱ ( ) - ੍ਹ ੍ਵ ੍ਯ ੱ ( ) - ੍ਹ ੍ਵ ੍ਯ ੱ ( ) - ੍ਹ ੍ਵ ੍ਯ ੱ ( ) -**

**ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਨੂੰ ਘੱਟੋ ਘੱਟ 50 ਵਾਰ ਟਾਈਪ ਕਰੋ:-**

**ਅਭਿਆਸ 1.**

**ਰਵ੍ਹ ਸ੍ਵ ਕ੍ਰਿਪਾ ਸ੍ਵਣ ਸੱਤ ਕੱਦ ਅੱਧ ਦ੍ਵ ਹ੍ਵੈ ਰਜਾ ਕਜਾ ਜਜਾ ਲੱਭ ਰੱਬ**

**ਅਭਿਆਸ 2.**

**ਅੰਮ੍ਰਿਤ ਪ੍ਰਮਾਤਮਾ ਸਰਬੱਤ ਪੜ੍ਹਿਆ ਰੜ੍ਹਿਆ ਰਜਾਤ ਗਜਾਨ ਹ੍ਵੈ ਸ੍ਵੈ-ਜੀਵਨੀ ਦ੍ਵਮਾਨ ਸ੍ਵੈ-ਮਾਨ**

# ਅਭਿਆਸ 35

**Chunk 1.**

ਟੋਪ ਚਿੜੀ ਜਾਂ ਕਈ ਥਾਵਾਂ ’ਤੇ ਬੋਦਲ, ਚੰਡੋਲ ਜਾਂ ਚੰਡੂਲ ਵੀ ਕੰਹਿਦੇ ਹਾਂ। ਅੰਗਰੇਜ਼ੀ ਵਿਚ ਇਸ ਨੂੰ ‘ਕਰੈਸ਼ਟਡ ਲਾਰਕ’ ਤੇ ਹਿੰਦੀ ਵਿਚ ਭਾਰਵਦਾਜ ਤੇ ਲਵਾ ਵੀ ਕਹਿੰਦੇ ਹਾਂ। ਇਹ ਪਰਵਾਸੀ ਪੰਛੀ ਨਹੀਂ ਹੈ।

**Chunk 2.**

ਇਹ ਜ਼ਿਆਦਾਤਰ ਯੂਰੇਸ਼ੀਆ, ਪੁਰਤਗਾਲ ਤੋਂ ਉੱਤਰ-ਪੂਰਬੀ ਚੀਨ, ਭਾਰਤ ਅਤੇ ਨਾਈਜ਼ੀਰੀਆ ਵਿਚ ਮਿਲਦਾ ਹੈ। ਟੋਪ ਚਿੜੀ ਆਪਣੀਆਂ 81 ਵੱਖ-ਵੱਖ ਕਿਸਮਾਂ ਦੇ ਪੰਛੀਆਂ ਤੋਂ ਭਿੰਨ ਹੈ। ਇਹ ਖੁੱਲ੍ਹੇ, ਸੁੱਕੇ ਮੈਦਾਨਾਂ ਤੇ ਖੇਤਾਂ ਵਿਚ ਮਿਲਣ ਵਾਲਾ ਆਮ ਪੰਛੀ ਹੈ

**Chunk 3.**

ਜੋ ਅਕਸਰ ਸੜਕਾਂ ਜਾਂ ਜਿੱਥੇ ਬੀਜ ਆਦਿ ਪਏ ਹੋਣ, ਉੱਥੇ ਵੇਖਿਆ ਜਾ ਸਕਦਾ ਹੈ। ਇਸ ਨੂੰ ਕਈ ਵਾਰ ਖੇਤੀਬਾੜੀ ਦੇ ਖੇਤਰਾਂ ਅਤੇ ਰੇਲਵੇ ਸਟੇਸ਼ਨ ਦੇ ਨਾਲ ਲੱਗਦੇ ਖੇਤਾਨਾਂ ਵਿਚ ਵੀ ਵੇਖਿਆ ਗਿਆ ਹੈ।

**Chunk 4.**

ਇਸ ਦੀ ਉੱਚਾਈ 17 ਸੈਂਟੀਮੀਟਰ ਅਤੇ ਭਾਰ 37 ਅਤੇ 55 ਗ੍ਰਾਮ ਤਕ ਹੁੰਦਾ ਹੈ। ਇਹ ਛੋਟਾ ਤੇ ਭੂਰਾ ਪੰਛੀ ਹੈ। ਇਸ ਦਾ ਰੰਗ ਉੱਪਰੋਂ ਮਟਿਆਲਾ ਅਤੇ ਗੂੜ੍ਹੀਆਂ ਭੂਰੀਆਂ ਧਾਰੀਆਂ ਅਤੇ ਹੇਠਲੇ ਹਿੱਸੇ ਦਾ ਰੰਗ

**Chunk 5.**

ਹਲਕਾ ਰੇਤ ਰੰਗਾ ਹੁੰਦਾ ਹੈ। ਇਸਦੀ ਛਾਤੀ ’ਤੇ ਬਦਾਮੀ ਧਾਰੀਆਂ ਹੁੰਦੀਆਂ ਹਨ। ਨਰ ਅਤੇ ਮਾਦਾ ਟੋਪ ਚਿੜੀ ਵਿਚ ਕੋਈ ਅੰਤਰ ਵਿਖਾਈ ਨਹੀਂ ਦਿੰਦਾ। ਇਹ ਪੰਛੀ ਘਰੇਲੂ ਚਿੜੀ ਨਾਲੋਂ ਆਕਾਰ ਵਿਚ ਥੋੜ੍ਹਾ ਵੱਡਾ ਹੁੰਦਾ ਹੈ।

**Chunk 6.**

ਟੋਪ ਚਿੜੀ ਦੇ ਸਿਰ ਉੱਪਰਲੀ ਖੜ੍ਹਵੀਂ ਅਤੇ ਤਿੱਖੀ ਕਲਗੀ ਇਸ ਦੀ ਮਹੱਤਵਪੂਰਨ ਨਿਸ਼ਾਨੀ ਹੈ। ਇਸ ਨੂੰ ਜ਼ਿਆਦਾਤਰ ਜੋੜਿਆਂ ਵਿਚ ਜਾਂ ਚਾਰ, ਪੰਜ ਦੀਆਂ ਟੋਲੀਆਂ ਦੇ ਰੂਪ ਵਿਚ ਭੋਜਨ ਦੀ ਭਾਲ ਕਰਦੇ ਦੇਖਿਆ ਜਾ ਸਕਦਾ ਹੈ।

**Chunk 7.**

ਕਿਸੇ ਵੇਲੇ ਟੋਪ ਚਿੜੀ ਕਿਸੇ ਵੱਟ ਜਾਂ ਪੱਥਰ ’ਤੇ ਬੈਠ ਕੇ ਸੀਟੀਆਂ ਵਰਗੀਆਂ ਆਵਾਜ਼ਾਂ ਕੱਢ ਕੇ ਗਾਉਂਦੀ ਵੀ ਸੁਣੀ ਜਾ ਸਕਦੀ ਹੈ। ਇਹ ਸੁਰੀਲੇ ਗਾਉਣ ਵਾਲੇ ਪੰਛੀਆਂ ਵਿਚ ਗਿਣੀ ਜਾਂਦੀ ਹੈ। ਇਹ ਦੂਜੇ ਪੰਛੀਆਂ ਦੇ ਉਲਟ

**Chunk 8.**

ਉੱਡਦੇ ਹੋਏ ਵੀ ਗਾਉਂਦਾ ਹੈ। ਜਦੋਂਕਿ ਦੂਜੇ ਪੰਛੀ ਸਿਰਫ਼ ਉਦੋਂ ਗਾਉਂਦੇ ਹਨ ਜਦੋਂ ਉਹ ਪ੍ਰਸੰਨ ਹੋਣ। ਇਹ ਦੂਜੇ ਪੰਛੀਆਂ ਦੀ ਨਕਲ ਲਾਉਣ ਵਿਚ ਵੀ ਮਾਹਿਰ ਹੈ। ਇਹ ਪੰਛੀ ਮਨੁੱਖ ਨੂੰ ਵੇਖ ਕੇ ਡਰਦਾ ਨਹੀਂ

**Chunk 9.**

ਅਤੇ ਨਾ ਹੀ ਕਦੇ ਵੱਡੇ ਝੁੰਡਾਂ ਵਿਚ ਜਾਂਦਾ ਹੈ। ਇਸਦੇ ਨਰ ਦੀ ਸਿਰ ਦੀ ਕਲਗੀ ਪ੍ਰਜਣਨ ਵੇਲੇ ਅਤੇ ਗਾਉਣ ਵੇਲੇ ਖੜ੍ਹੀ ਹੋ ਜਾਂਦੀ ਹੈ। ਪ੍ਰਜਣਨ ਦੇ ਦਿਨਾਂ ਵਿਚ ਨਰ ਪੰਛੀ ਗੀਤ ਗਾਉਂਦਾ ਹੋਇਆ ਉਡਾਰੀ ਲਾਉਂਦਾ ਹੈ।

**Chunk 10.**

ਉਹ ਕੁਝ ਮੀਟਰ ਉੱਚਾਈ ’ਤੇ ਪਹੁੰਚ ਕੇ ’ਤੇ ਹੌਲੀ ਹੌਲੀ ਖੰਭ ਮਾਰ ਕੇ ਉੱਡਦਾ ਅਤੇ ਗੀਤ ਗਾਉਂਦਾ ਰਹਿੰਦਾ ਹੈ ਅਤੇ ਫਿਰ ਖੰਭ ਫੈਲਾ ਕੇ ਹੇਠਾਂ ਵੱਲ ਤਾਰੀ ਲਾ ਕੇ ਕਿਸੇ ਪੱਥਰ ਜਾਂ ਮਿੱਟੀ ਦੇ ਡਲੇ ’ਤੇ ਬੈਠ ਜਾਂਦਾ ਹੈ।

# ਨੌਵਾਂ ਅਧਿਆਏ

# ਸ਼ਬਦ ਜੋੜ ਦੀ ਪ੍ਰੈਕਟਿਸ

ਪੱਤਰ ਡਾਕ ਚਿੱਠੀ ਡਾਕੀਆ ਪੋਸਟ ਬਾਕਸ ਟੈਲੀਗ੍ਰਾਮ ਡਾਕਘਰ ਦਫ਼ਤਰ

ਸਿਨੇਮਾ ਮੂਵੀ ਫਿਲਮ ਟਿਕਟ ਇੰਟਰਵਲ ਐਕਟਰ ਵਿਲੇਨ ਥਿਏਟਰ ਨਾਟਕ

ਗੁਰੂਘਰ ਗੁਰੂਦੁਆਰਾ ਪਾਠ ਕਥਾ ਵਿਚਾਰ ਕੀਰਤਨ ਗੁਰਬਾਣੀ ਹੁਕਮਨਾਮਾ ਅਰਦਾਸ

ਮੰਦਿਰ ਵੇਦ ਭਜਨ ਭੇਟਾ ਫੁੱਲ ਮਾਲਾ ਮੂਰਤੀ ਪੂਜਾ ਭਗਵਾਨ ਆਰਤੀ ਚਾਲੀਸਾ ਵਰਤ

ਮਸਜਿਦ ਕੁਰਾਨ ਪੈਗੰਬਰ ਮਸੀਤ ਦਰਗਾਹ ਨਮਾਜ਼ ਰੋਜ਼ਾ ਨਿਕਾਹ ਖ਼ੁਦਾ ਇਬਾਦਤ

ਪਿੰਡ ਪੰਚਾਇਤ ਸ਼ਾਮਲਾਟ ਸੱਥ ਫਿਰਨੀ ਪੰਚ ਸਾਂਝ ਮੈਂਬਰ ਸਰਪੰਚ ਸਰਕਾਰ ਗ੍ਰਾਮ

ਸ਼ਹਿਰ ਨਗਰ ਨਿਗਮ ਗਲੀਆਂ ਸੜਕਾਂ ਸੀਵਰੇਜ ਕਾਊਂਸਲ ਮੁਹੱਲਾ ਕਮੇਟੀ

ਸਾਇੰਸ ਟੈਕਨੋਲਜੀ ਬਾਇਓਲੋਜੀ ਭੌਤਿਕ ਵਿਗਿਆਨ ਰਸਾਇਣਿਕ ਵਿਗਿਆਨ

ਸਮਾਜਿਕ ਸਿੱਖਿਆ ਭੂ ਵਿਗਿਆਨ ਅਰਥ ਸ਼ਾਸਤਰ ਇਤਿਹਾਸ ਨਾਗਰਿਕ ਸ਼ਾਸਤਰ

ਗਣਿਤ ਸਟੈਟਿਕਸ ਜਿਊਮੈਟਰੀ ਰੇਖਾ ਐਲਜੇਬਰਾ ਫਾਰਮੂਲਾ ਨਿਊਨਤਮ ਅਧਿਕਤਮ

ਭਾਸ਼ਾ ਵਿਆਕਰਨ ਸਾਹਿਤ ਕਵਿਤਾ ਕਹਾਣੀ ਲੇਖ ਸ੍ਵੈਜੀਵਨੀ ਆਤਮ ਕਥਾ ਦੰਦ ਕਥਾ

ਕੰਪਿਊਟਰ ਹਾਰਡਵੇਅਰ ਸਾਫਟਵੇਅਰ ਕੀਬੋਰਡ ਮਾਊਸ ਆਪਰੇਟਿੰਗ ਸਿਸਟਮ

ਲੋਕਸਭਾ ਰਾਜਸਭਾ ਮੰਤਰੀ ਪ੍ਰੀਸ਼ਦ ਵਿਧਾਨ ਸਭਾ ਕੈਬਿਨੇਟ ਰਾਸ਼ਟਰਪਤੀ ਰਾਜਪਾਲ

ਪ੍ਰਧਾਨ ਮੰਤਰੀ ਮੁੱਖ ਮੰਤਰੀ ਮੰਤਰੀ ਮੰਡਲ ਸਪੀਕਰ ਪਾਰਲੀਮੈਂਟ ਪ੍ਰਸ਼ਨ ਕਾਲ

ਸੰਗੀਤ ਤਾਲ ਸੁਰ ਸਗਰਗਮ ਧੁਨ ਕਵਿਤਾ ਸ਼ਾਇਰੀ ਗਾਇਕੀ ਗੀਤਕਾਰ

## ਅਭਿਆਸ 34

**Chunk 1.**

ਨਾ ਰਿਹਾ ਤਾਂ ਫੇਰ ਇਥੇ ਰਹਿ ਕੇ ਕੀ ਕਰਨੈਂ, ਬਾਹਰ ਖੇਤੀਂ ਨਾ ਜਾ ਕੇ ਛੱਪਰ ਪਾ ਲਾਂਗੇ? ਹੈਂ ਬਈ ਇੰਦਰ ਸਿਆਂ?""ਪਾਈ ਤਾਂ ਜਾਂਦੇ ਐ। ਹੁਣ ਤੇਰੇ ਸਾਹਮਣੇ ਤੁੱਲ੍ਹੀ ਕਿਆਂ ਨੇ, ਅਰਜਣ ਕਿਆਂ ਨੇ, ਤੋਤੂ ਨਮੋਲੀਏ ਨੇ,

**Chunk 2.**

ਸਾਰਿਆਂ ਨੇ ਖੇਤੀਂ ਜਾ ਕੋਠੇ ਪਾਏ। ਜਦੋਂ ਪੁੱਛੀਏ ਕਿਮੇ ਓਂ, ਆਖਣਗੇ, 'ਵੀਹ ਐਂ ਭਰਾਵੋ, ਸਿਆਪੇ 'ਚੋਂ ਨਿਕਲੇ!' ਲੈ, ਪਿੰਡ ਨੂੰ 'ਸਿਆਪਾ' ਈ ਦਸਦੇ ਐ!"ਤਾਏ ਨੇ ਗਹੁ ਨਾਲ ਇੰਦਰ ਦੇ ਮੂੰਹ ਵੱਲ ਦੇਖਿਆ ਤੇ ਉਹਦੇ ਮੱਥੇ

**Chunk 3.**

ਦੀਆਂ ਭਾਰੀਆਂ ਤਿਉੜੀਆਂ ਸੰਘਣੀਆਂ ਹੋ ਗਈਆਂ।"ਦੂਰ ਫ਼ਿਟੇ ਮੂੰਹ!' ਘਿਰਣਾ ਨਾਲ ਤਾਏ ਨੇ ਬੱਠਲ ਵਿਚੋਂ ਧੁਖਦਾ ਸੱਕ ਚੁੱਕ ਕੇ, ਉਸ ਨਾਲੋਂ ਮੱਚਿਆ ਹਿੱਸਾ ਝਾੜਿਆ ਤੇ ਆਪਣੇ ਪਾਸੀਂ ਖਿਲਰੇ ਇੰਦਰ ਦੇ ਤਿੱਖੇ ਸੰਦਾਂ ਵੱਲ ਝਾਕ ਕੇ

**Chunk 4.**

ਦੀਆਂ ਭਾਰੀਆਂ ਤਿਉੜੀਆਂ ਸੰਘਣੀਆਂ ਹੋ ਗਈਆਂ।"ਦੂਰ ਫ਼ਿਟੇ ਮੂੰਹ!' ਘਿਰਣਾ ਨਾਲ ਤਾਏ ਨੇ ਬੱਠਲ ਵਿਚੋਂ ਧੁਖਦਾ ਸੱਕ ਚੁੱਕ ਕੇ, ਉਸ ਨਾਲੋਂ ਮੱਚਿਆ ਹਿੱਸਾ ਝਾੜਿਆ ਤੇ ਆਪਣੇ ਪਾਸੀਂ ਖਿਲਰੇ ਇੰਦਰ ਦੇ ਤਿੱਖੇ ਸੰਦਾਂ ਵੱਲ ਝਾਕ ਕੇ

**Chunk 5.**

ਬਹੂਆਂ ਤੈਥੋਂ ਲੱਤਾਂ ਛੰਗੌਣਗੇ ਕਿ ਆਪਣੀਆਂ ਛਾਂਗਣਗੇ?" ਇੰਦਰ ਆਪਣੀ ਖੋਦੀ, ਕਰੜ-ਬਰੜੀ ਦਾੜ੍ਹੀ 'ਤੇ ਹੱਥ ਫੇਰਦਿਆਂ ਬੋਲਿਆ, "ਅਸਲ ਵਿਚ ਬਾਈ ਸਮੇਂ ਦੀ ਗੱਲ ਹੁੰਦੀ ਐ, ਜਿਹੋ ਜੀ ਵਾ, ਓਹੋ ਜਿਆ ਓਹਲਾ। ਤੇਰੇ ਮੇਰੇ ਅਰਗਿਆਂ ਦੇ ਹੁਣ

**Chunk 6.**

ਜ਼ਮਾਨੇ ਈ ਨ੍ਹੀਂ ਰਹੇ।" "ਛੱਡ ਜਾਰ, ਕੀ ਗੱਲਾਂ ਕਰਦੈਂ, ਮੈਂ ਤਾਂ ਦੋਹਾਂ ਨੂੰ ਆਖਿਆ ਵਿਐ, ਬਈ ਜੇ ਤਾਂ ਬੰਦੇ ਬਣ ਕੇ ਚਲੋਗੇ ਤਾਂ ਸਭ ਕੁਝ ਥੋਡਾ। ਜੇ ਬਹੁਤੀ ਚੀਂ-ਵੀਂ ਕੀਤੀ ਤਾਂ ਸਾਲਿਓ, ਸਾਰੀ ਜ਼ਮੀਨ

**Chunk 7.**

ਕੁੜੀਆਂ ਦੇ ਨਾਂ ਲੁਆ ਦੂੰ, ਤੁਰੇ ਫਿਰਿਓ ਡੰਡੇ ਵਜੌਂਦੇ! ਵੇਖ ਲੈ ਕੰਨ ਵਿਚ ਪਾਏ ਨ੍ਹੀਂ ਰੜਕਦੇ। ਉਹ ਛੋਟੀ ਬਹੂ ਮਾੜਾ ਜਿਹਾ ਉਚੀ-ਨੀਵੀਂ ਹੋਣ ਲੱਗੀ ਸੀ, ਮੈਂ ਇਕ ਦਿਨ ਵਿਹੜੇ ਵਿਚ ਖੂੰਡਾ ਖੜਕਾ ਕੇ ਐਸੀ ਦਬਕਾਈ,

**Chunk 8.**

ਉਦੂੰ ਪਿਛੋਂ ਚਾਹ ਪਾਣੀ ਨੂੰ ਦਿਨ ਨ੍ਹੀਂ ਚੜ੍ਹਨ ਦਿੰਦੀ। ਆਪੇ ਪਾਣੀ ਤੱਤਾ ਕਰ ਕੇ ਧਰ ਜੂ, ਆਪੇ।" "ਤੂੰ ਤਾਂ ਹੋਇਆ ਕਰਮਾਂ ਆਲਾ ਜੀ!" ਇੰਦਰ ਨੇ ਤਾਏ ਦੀ ਵਡਿਆਈ ਕਰਦਿਆਂ ਕਿਹਾ, "ਤੇਰੀ ਕੋਈ ਰੀਸ ਐ।

**Chunk 9.**

ਨਾਲੇ ਜਦੋਂ ਵਾਹਿਗੁਰੂ ਨੇ ਉਲਾਦ ਸਲੱਗ ਦਿੱਤੀ ਹੋਵੇ ਤਾਂ ਸਭ ਕੁਝ ਆਪੇ ਰਾਸ ਆ ਜਾਂਦੈ।" "ਉਇ ਨਹੀਂ ਇੰਦਰ ਸਿਆਂ, ਬੰਦੇ ਵਿਚ ਆਵਦੇ ਵਿਚ ਸਾਹ-ਸਤ ਚਾਹੀਦੈ, ਬਾਕੀ ਸਭ ਗੱਲਾਂ ਆਪੇ ਰਾਸ ਆ ਜਾਂਦੀਐਂ। ਜਦੋਂ ਆਪ

**Chunk 10.**

ਈ ਲੋਕਾਂ ਦਾ ਅਮਾਨ ਹੱਲਿਆ ਫਿਰਦੈ, ਤਾਂ ਉਲਾਦ ਕੀ ਕਰੂ? ਅਹੁ ਰਾਮੂ ਨੇ ਨੂੰਹ ਕੀ ਸਹੇੜ ਲਿਆਂਦੀ ਐ, ਸਾਰਾ ਦਿਨ ਉਸੇ ਦੀਆਂ ਗੱਲਾਂ ਈ ਕਰੀ ਜਾਊ, "ਹਮਰੀ ਬਹੂ ਘੁੰਡ ਨ੍ਹੀਂ ਕਡਤੀ, ਉਹ ਦਸ ਜਮਾਤਾਂ ਪੜ੍ਹੀ ਹੋਈ ਐ।"

# ਦਸਵਾਂ  ਅਧਿਆਏ

# ਕੁਝ ਖਾਸ ਅੱਖਰ ਜਾਂ ਚਿੰਨ੍ਹ

**ਇਸ ਅਧਿਆਏ ਵਿੱਚ ਅਸੀਂ ਰਾਵੀ ਫੌਂਟ ਦੇ ਕੁਝ ਖਾਸ ਅੱਖਰ ਜਾਂ ਚਿੰਨਾਂ ਬਾਰੇ ਪ੍ਰੈਕਟਿਸ ਕਰਾਂਗੇ ਜੋ ਕਿ ਟਾਈਪਿੰਗ ਦੌਰਾਨ ਜਰੂਰੀ ਹੁੰਦੇ ਹਨ।**

**ਕੁਝ ਅੱਖਰ ਜਿਵੇਂ ਕਿ ਜ਼ ਗ਼ ਫ਼ ਖ਼ ੳ ੧ਓ ਅਤੇ ਕੁਝ ਚਿੰਨ੍ਹ ਜਿਵੇਂ ਕਿ ( ! " # $ ' % & / - ` ' " " : ; { | } ` _ ^ \ ][ ਆਦਿ) ਨੂੰ ਟਾਈਪ ਕਰਨ ਲਈ ਕੁਝ ਸਪੈਸ਼ਲ ਯੂਨੀਕੋਡ ਹੁੰਦੇ ਹਨ।**

**ਉਕਤ ਵਿੱਚੋਂ ਅੱਖਰਾਂ ਨੂੰ ਟਾਈਪ ਕਰਨ ਲਈ ALT +CTRL ਜਾਂ ALT GR ਕੀਅ ਦੀ ਵਰਤੋਂ ਕਰਨੀ ਪੈਂਦੀ ਹੈ।**

**ਜ਼-( ALT GR+P)   ਗ਼ (ALT GR +I) ਫ਼ (ALT GR +H) ਖ਼ (ALT GR +K)  ੳ(ALT GR +B)  ੧ਓ(ALT+CTRL+SHIFT)**

## ਹੇਠ ਲਿਖੇ ਅਨੁਸਾਰ ਘੱਟੋ ਘੱਟ 100 ਵਾਰ ਟਾਈਪ ਕਰੋ:-

**ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼ ਲ਼ ਸ਼ ੧ਓ ਜ਼ ਗ਼ ਫ਼ ਖ਼**

**ਹੁਣ ਉਕਤ ਅੱਖਰਾਂ ਦੇ ਸ਼ਬਦ ਜੋੜ ਬਣਾ ਕੇ ਹੇਠ ਲਿਖੇ ਸ਼ਬਦਾਂ  ਦਾ ਘੱਟੋ ਘੱਟ 50 ਵਾਰੀ ਅਭਿਆਸ ਕਰੋ:**

**ਗ਼ਜ਼ਲ਼ ਖ਼ਦਸ਼ਾ ਫ਼ਜ਼ਲ਼ ਰਜ਼ਾ ਗਜ਼ਾ ਜ਼ਹਿਰ ਸ਼ਕਰ ਸ਼ਰਾਬ ਗ਼ੁਬਾਰਾ ਜ਼ਰਜ਼ਰਾ ਫ਼ਸਲ ਖ਼ਸਰਾ ਸ਼ਾਲ ਖ਼ਾਲ ਗ਼ਮ ਲ਼ਮ ਮਜ਼ਾ ਸਜ਼ਾ ਰਜ਼ਾ ਗ਼ਜ਼ਾ ਜ਼ਮੀਨ ਗ਼ਮਗੀਨ ਖ਼ੁਰਾਸਾਨ**

## ਅਭਿਆਸ 33

**Chunk 1.**

ਗਿਆ ਸੀ, ਪਰ ਅਜੇ ਤਾਈਂ ਤਾਏ ਦਾ ਕੋਈ ਸੱਥ ਵਾਲਾ ਬੇਲੀ ਨਹੀਂ ਸੀ ਆਇਆ। ਚਿੱਤ ਕਾਹਲਾ ਪੈਣ ਲੱਗ ਪਿਆ। ਗਲੀ ਵਿਚ ਵੀ ਸੁੰਨ-ਸਰਾਂ ਈ ਲਗਦੀ ਸੀ। ਭੁੱਲਰਾਂ ਦੇ ਘਰੋਂ, ਇਕ ਬਹੂ ਗੋਹੇ ਦਾ ਟੋਕਰਾ ਲੈ

**Chunk 2.**

ਕੇ ਬਾਹਰ ਨਿਕਲੀ ਸੀ, ਉਸ ਪਿੱਛੋਂ ਕੋਈ ਨਹੀਂ ਸੀ ਦਿਸਿਆ।"ਕੀ ਹੁੰਦਾ ਜਾਂਦੈ ਜਮਾਨੇ ਨੂੰ," ਤਾਇਆ ਆਪ ਮੁਹਾਰਾ ਈ ਬੋਲ ਪਿਆ। ਤੇ ਉਸ ਇਕ ਵਾਰ ਮੁੜ ਆਸੇ ਪਾਸੇ ਨਿਗ੍ਹਾ ਮਾਰੀ। "ਰਾਮਾ ਵੀ ਪਤਾ ਨਹੀਂ ਮਰ

**Chunk 3.**

ਗਿਆ ਕਿ ਜਿਉਂਦੈ। ਪੁੱਛੋ ਤਾਂ ਆਖੂ, 'ਬਹੂਆਂ ਸਦੇਹਾਂ ਚਾਹ ਨ੍ਹੀਂ ਕਰ ਕੇ ਦਿੰਦੀਆਂ।' ਭਲਾ ਪੁੱਛਣ ਆਲਾ ਹੋਵੇ, ਐਹੋ ਜੀਆਂ ਬਹੂਆਂ ਨੂੰ ਫਾਹੇ ਦੇਣੈਂ! ਇਨ੍ਹਾਂ ਨੂੰ ਸਹੇੜ ਕੇ ਕਿਉਂ ਲਿਆਂਦਾ ਸੀ? ਏਦੂੰ ਤਾਂ…।"ਪਰ ਕੋਈ

**Chunk 4.**

ਮੰਦਾ ਬੋਲ ਬੋਲਣੋਂ ਰੁਕ ਕੇ, ਤਾਇਆ ਖੂੰਡੇ ਦਾ ਆਸਰਾ ਲੈਂਦਿਆਂ ਉਠ ਖਲੋਤਾ।ਇੰਦਰ ਕਾਰੀਗਰ ਦੇ ਕਾਰਖਾਨੇ ਵੱਲ ਤੁਰਦਿਆਂ ਫੇਰ ਆਪ ਮੁਹਾਰਾ ਬੋਲਣ ਲੱਗ ਪਿਆ,"ਅੱਗੇ ਦਿਨ ਚੜ੍ਹਦੇ ਨਾਲ ਬੁੜ੍ਹਿਆਂ-ਠੇਰਿਆਂ ਨੇ ਸੱਥ ਵਿਚ ਆ ਬੈਠਣਾ, ਘਰੇ ਨੂੰਹਾਂ

**Chunk 5.**

ਧੀਆਂ ਨੇ ਸੌ ਕੰਮ ਕਰਨੇ ਹੋਣੇ, ਬੁੜ੍ਹਿਆਂ ਤੋਂ ਪੱਲੇ ਕਰਦੀਆਂ ਫਿਰਨ ਕਿ ਗੋਹਾ-ਕੂੜਾ ਨਬੇੜਨ। ਨਾਲੇ ਬੰਦੇ ਦਾ ਬੁੜ੍ਹੀਆਂ ਕੋਲੇ ਕੰਮ ਕੀ। ਪਰ ਹੁਣ ਗੁਰਮੁਖ ਅਰਗੇ ਵੀ ਠਰਕੇ ਫਿਰਦੇ, ਅਖੇ ਬਹੂਆਂ ਨੂੰ ਘੁੰਡ ਕੱਢਣ ਦੀ ਜ਼ਰੂਰਤ

**Chunk 6.**

ਹੀ ਕਿਆ ਐ? " ਆਹੋ! ਨੂੰਹ ਸਹੁਰੇ ਦੀ ਸਾਲੀ, ਬਾਬਾ ਪੋਤੀਆਂ ਦਾ ਮਾਸੜ! ਜੇ ਸੰਗ-ਛਰਮ ਈ ਨਾ ਰਹੀ ਤਾਂ ਬੰਦੇ ਵਿਚ ਤੇ ਪਸ਼ੂ ਵਿਚ ਫਰਕ ਕੀ ਹੋਇਆ ।""ਓਇ ਕੀਹਦੇ ਨਾਲ ਸੁਖਮਨੀ ਦੇ ਅਰਥ ਕਰਦਾ ਆਉਂਦੈਂ ਬਈ?"

**Chunk 7.**

ਇੰਦਰ ਨੇ ਬੱਠਲ ਵਿਚ ਅੱਗ 'ਤੇ ਸੁੱਕੇ ਸੱਕ ਸੁੱਟਦਿਆਂ, ਦੂਰੋਂ ਈ ਉਹਦਾ ਸੁਆਗਤ ਕੀਤਾ।"ਅਰਥ ਕੀਹਦੇ ਨਾਲ ਕਰਨੇ ਐਂ ਇੰਦਰ ਸਿਆਂ, ਆਵਦੇ ਈ ਰੋਣੇ ਰੋਨੇ ਐਂ।" ਖੂੰਡੇ ਦੇ ਆਸਰੇ ਆਪਣੇ ਭਾਰੇ ਸਰੀਰ ਨੂੰ ਬੋਚਦਾ

**Chunk 8.**

ਉਹ ਇੰਦਰ ਦੇ ਸਾਹਮਣੇ ਮੁੱਢੀ 'ਤੇ ਜਾ ਬੈਠਾ। ਧੁਖਦੇ ਸੱਕਾਂ ਦੇ ਨਿੱਘੇ ਧੂੰਏਂ ਵਿਚ ਹੱਥ ਪਾਉਂਦਿਆਂ ਉਹ ਫੇਰ ਆਪ ਮੁਹਾਰਾ ਈ ਬੋਲਣ ਲੱਗ ਪਿਆ, "ਇੰਦਰ ਸਿਆਂ, ਤੂੰ ਤਾਂ ਗਿਆਨ-ਬਾਨ ਪੁਰਛ ਐਂ, ਇਹ ਦੁਨੀਆਂ ਨੂੰ ਹੁੰਦਾ

**Chunk 9.**

ਕੀ ਜਾਂਦੈ? ਮੈਂ ਤੜਕੇ ਦਾ ਸੱਥ ਵਿਚ ਆ ਕੇ ਬੈਠਾਂ, ਕੋਈ ਚਿੜੀ ਨ੍ਹੀਂ ਫੜਕੀ! ਖਬਰੇ ਘਰੀਂ ਬੈਠੇ ਲੋਕ ਕੀ ਗੀਤਾ ਦਾ ਪਾਠ ਕਰਦੇ ਐ? ਅੱਗੇ ਟਿੱਕੀ ਚੜ੍ਹਦੀ ਨਾਲ ਮਾਰ ਰੌਣਕਾਂ ਲੱਗ ਜਾਣੀਆਂ। ਬੁੜ੍ਹਿਆਂ-ਠੇਰਿਆਂ ਨੇ, ਮੁੰਡਿਆਂ-

**Chunk 10.**

ਖੁੰਡਿਆਂ ਨੂੰ ਮਖੌਲ ਕਰਨੇ। ਹੁਣ ਅੱਬਲ ਤਾਂ ਕੋਈ ਆਪ ਈ ਕੁਸ ਨ੍ਹੀਂ ਕਹਿੰਦਾ, ਜੇ ਕਹਿ ਬੈਠੇ ਤਾਂ ਉਧੜ ਕੇ ਅੱਗੋਂ ਗਲ ਪੈ ਜਾਣਗੇ। ਭਲਿਓ ਬੰਦਿਓ! ਇਹ ਤਾਂ ਸੋਚੋ ਬਈ ਜੇ ਪਿੰਡ ਵਿਚ ਐਨਾ ਈ ਸਹਿਚਾਰ

# ਗਿ਼ਆਰਵਾਂ ਅਧਿਆਏ

## (ਖ਼ਾਸ ਚਿੰਨ੍ਹ ਅਤੇ ਵਿਰਾਮ ਚਿੰਨ੍ਹ)

ਹੇਠ ਲਿਖੇ ਕੁਝ ਖ਼ਾਸ ਚਿੰਨ ਅਤੇ ਵਿਰਾਮ ਚਿੰਨ੍ਹ ਯਾਦ ਕਰਨੇ ਬਹੁਤ ਜਰੂਰੀ ਹਨ ਕਿਉਂਕਿ ਪੰਜਾਬੀ ਟਾਈਪਿੰਗ ਸਮੇਂ ਪੂਰਨ ਵਿਰਾਮ(।) ਅਤੇ ਅੱਧ ਵਿਰਾਮ (,) ਦੇ ਨਾਲ ਨਾਲ ਇਹਨਾਂ ਚਿੰਨ੍ਹਾਂ ਦੀ ਵਰਤੋ ਵੀ ਖ਼ੂਬ ਹੁੰਦੀ ਹੈ।

ਹੇਠ ਲਿਖੇ ਚਿੰਨ੍ਹਾਂ ਨੂੰ ਯਾਦ ਕਰਨ ਲਈ ਹਰੇਕ ਚਿੰਨ੍ਹ ਨੂੰ ਉਸਦੇ ਕੋਡ ਨਾਲ ਬੋਲ-ਬੋਲ ਕੇ ਘੱਟੋ ਘੱਟ 100 ਵਾਰ ਟਾਈਪ ਕਰੋ

**{ ਜਿਵੇਂ ਕਿ Alt33 ! (ਵਿਸਮਿਕ ਚਿੰਨ੍ਹ) }**

| ਕੋਡ | ਚਿੰਨ੍ਹ |
|---|---|
| **Alt+33** | **!** (ਵਿਸਮਿਕ ਚਿੰਨ੍ਹ) |
| **Alt+34** | **"** (ਪੁੱਠੇ ਡਬਲ ਕਾਮੇ) |
| **Alt+37** | % (ਪ੍ਰਤੀਸ਼ਤ) |
| **Alt+36** | **$** (ਡਾਲਰ) |
| **Alt+39** | **'** (ਪੁੱਠਾ ਸਿੰਗਲ ਕਾਮਾ) |
| **Alt+42** | ***** (ਤਾਰਾ) |
| **Alt+47** | / (ਬੈਕ ਸਲੈਸ਼) |
| **Alt+58** | **:** (ਦੁਬਿੰਦੀ) |
| **Alt+59** | **;** (ਕਾਮਾ ਬਿੰਦੀ) |
| **Alt+60** | < (ਲੈਸ ਦੈਨ) |
| **Alt+61** | = (ਬਰਾਬਰ) |
| **Alt+62** | > (ਗਰੇਟਰ ਦੈਨ) |
| **Alt+63** | **?** (ਪ੍ਰਸ਼ਨ ਚਿੰਨ੍ਹ) |
| **Alt+92** | \ (ਫਾਰਵਰਡ ਸਲੈਸ਼) |
| **Alt+96** | ` (ਪੁੱਠਾ ਕਾਮਾ) |
| **Alt+123** | **{** (ਘੁੰਡੀਦਾਰ ਬਰੈਕਟ) |
| **Alt+125** | **}** (ਘੁੰਡੀਦਾਰ ਬਰੈਕਟ ਬੰਦ) |
| **Alt+0145** | **‘** (ਘੁੰਡੀਦਾਰ ਪੁੱਠਾ ਕਾਮਾ ਸ਼ੁਰੂ) |
| **Alt+0146** | **’** (ਘੁੰਡੀਦਾਰ ਪੁੱਠਾ ਕਾਮਾ ਬੰਦ) |
| **Alt+0147** | **“** (ਘੁੰਡੀਦਾਰ ਪੁੱਠੇ ਡਬਲ ਕਾਮੇ ਸ਼ੂਰੂ) |
| **Alt+0148** | **”** (ਘੁੰਡੀਦਾਰ ਪੁੱਠੇ ਡਬਲ ਕਾਮੇ ਬੰਦ) |

## ਅਭਿਆਸ 32

**Chunk 1.**

ਸੱਥ ਵਿਚੋਂ ਦੋ ਨਿਆਣੇ ਗੁੱਲੀ-ਡੰਡਾ ਚੁੱਕੀ ਜਾਂਦੇ ਵੇਖ ਕੇ ਤਾਏ ਨੇ ਉਨ੍ਹਾਂ ਨੂੰ ਸੈਨਤ ਮਾਰੀ। ਉਨ੍ਹਾਂ ਵਿਚੋਂ ਇਕ ਮੂੰਹ ਵਿਚ ਉਂਗਲ ਲੈ ਕੇ ਸੰਗਦਾ ਸੰਗਦਾ ਤਾਏ ਦੇ ਨੇੜੇ ਆ ਗਿਆ, ਪਰ ਦੂਜਾ ਝੱਗੇ ਹੇਠ ਗੁੱਲੀ

**Chunk 2.**

ਲੁਕਾ ਕੇ ਅਗਾਂਹ ਨੱਸ ਗਿਆ। "ਔਹ ਕਹਿੰਦਾ ਸੀ ਕੁਸ਼ ਉਇ?" ਕੋਲ ਆਏ ਮੁੰਡੇ ਦੀ ਬਾਂਹ ਫੜ ਕੇ ਤਾਏ ਨੇ ਪੁੱਛਿਆ।"ਉਹ, ਉਹ ਮਾਘੇ ਕਾ।""ਮਾਘੇ ਕਾ ਕੀ ਉਇ?""ਮਾਘੇ ਕਾਣੇ ਦਾ ਭਤੀਜਾ।""ਘੱਗੇ ਢੀਂਡੂ ਦਾ ਮੁੰਡਾ?"

**Chunk 3.**

ਮੁੰਡੇ ਨੇ "ਹਾਂ' ਵਿਚ ਸਿਰ ਹਲਾ ਦਿੱਤਾ। ਤਾਇਆ ਆਪਣੀਆਂ ਸੰਘਣੀਆਂ ਮੁੱਛਾਂ ਵਿਚੋਂ ਮੁਸਕਰਾਇਆ ਤੇ ਮੂੰਹ ਮੁੰਡੇ ਦੇ ਹੋਰ ਨੇੜੇ ਕਰ ਕੇ ਹੌਲੀ ਜਿਹੀ ਬੋਲਿਆ, " ਤੇ ਤੂੰ ਸੰਤੇ ਬੁਝੜ ਦੈਂ ਨਾ? ਤੇਰੇ ਬਾਬੇ ਦਾ ਨਾਂ

**Chunk 4.**

ਤੈਨੂੰ ਪਤੈ?"ਮੁੰਡੇ ਨੇ ਜੀਭ ਬਾਹਰ ਕੱਢ ਕੇ ਤਾਏ ਤੋਂ ਬਾਂਹ ਛੁਡਾਂਦਿਆਂ ਸੰਗ ਕੇ ਮੂੰਹ ਪਾਸੇ ਕਰ ਲਿਆ।
"ਦਾਦੀ ਦਿਆ ਖਸਮਾ, ਆਵਦੇ ਬਾਬੇ ਦਾ ਨਾਂ ਨਹੀਂ ਪਤਾ? ਦੱਸ "ਕਿਸੂ ਮੁਖਤਿਆਰ ਐ ਕਿ ਫਿੱਡੂ ਰਾਂਝਾ?"

**Chunk 5.**

ਸਾਰੀ ਹੱਸਿਆ, ਪਰ ਮੁੰਡਾ ਮੂੰਹ ਵਿਚ ਉਂਗਲ ਪਾਈ, ਗਲੀ ਦੇ ਅਗਲੇ ਸਿਰੇ 'ਤੇ ਸਹਿਮੇ ਖੜੋਤੇ, ਆਪਣੇ ਗੁੱਲੀ ਵਾਲੇ ਬੇਲੀ ਵੱਲ ਝਾਕਦਾ, ਬਾਂਹ ਛੁਡਾਉਣ ਦਾ ਯਤਨ ਕਰਦਾ ਰਿਹਾ।"ਚੰਗਾ ਚੱਲ ਏਹੋ ਦੱਸ ਬਈ ਪੁੱਤ ਕੀਹਦੈਂ?""ਲਾਲੂ ਦਾ।"

**Chunk 6.**

ਮੁੰਡੇ ਨੇ ਛੇਤੀ ਦੇਣੀ ਜੁਆਬ ਦਿੱਤਾ। "ਗੁਰਮੁਖ ਕੇ ਲਾਲੂ ਦਾ?" "ਹੂੰ!" "ਲਗਦਾ 'ਹੂੰ' ਦਾ! ਨਾਨੀ ਦਿਆ ਯਾਰਾ, ਨਾ ਬਾਬਾ, ਨਾ ਤਾਇਆ, 'ਹੂੰ' ਇਹ ਕੀਹਨੇ ਮੱਤ ਦਿੱਤੀ ਐ ਉਇ ਤੈਨੂੰ?" ਮੁੰਡੇ ਦਾ ਸੰਗ ਤੇ ਸਹਿਮ ਨਾਲ

**Chunk 7.**

ਮੂੰਹ ਲਾਲ ਹੋ ਗਿਆ। ਤਾਏ ਦਾ ਭਾਰਾ ਚਿਹਰਾ ਵੀ ਭਖ ਗਿਆ। ਉਸ ਰਤਾ ਖਰ੍ਹਵੀਂ ਆਵਾਜ਼ ਵਿਚ ਪੁੱਛਿਆ, "ਮੈਂ ਤੇਰਾ ਕੀ ਲਗਦੈਂ ਭਲਾ?" ਮੁੰਡਾ ਗੁੰਮ-ਸੁੰਮ ਖੜੋਤਾ ਰਿਹਾ। "ਓਇ ਕੁਸ਼ ਤਾਂ ਬੋਲ ਨਾਨਕਿਆਂ ਦਿਆ ਜੰਮਿਆਂ?" ਓਵੇਂ ਸਹਿਮੇ

**Chunk 8.**

ਹੋਏ ਮੁੰਡੇ ਦੇ ਮੂੰਹੋਂ 'ਤਾਇਆ' ਨਿਕਲ ਗਿਆ। "ਦੁਰ ਫਿਟੇ ਮੂੰਹ ਤੇਰੇ ਜੰਮਣ ਦੇ। ਮੈਂ ਤੇਰੇ ਪਿਉ ਦਾ ਵੀ ਤਾਇਆ ਤੇ ਤੇਰਾ ਵੀ ਤਾਇਆ?ਇਹ ਸਕੀਰੀ ਕਿਧਰੋਂ ਭਾਲੀ ਐ ਉਇ ਤੈਂ? ਘਰੇ ਤੇਰੀ ਕੋਈ ਦਾਦੀ, ਬੇਬੇ ਵੀ

**Chunk 9.**

ਹੈ ਮੱਤ ਦੇਣ ਵਾਲੀ ਕਿ ਜੰਮ ਕੇ ਭੂੰਡਾਂ ਦੀਆਂ ਗਰੋਲੀਆਂ ਆਂਗੂੰ ਰੋੜ੍ਹ ਈ ਛੱਡੇ ਓ?"ਤਾਏ ਨੇ ਬਾਂਹ ਛੱਡ ਕੇ ਉਹਦੇ ਘੋਨੇ ਸਿਰ 'ਤੇ ਪੋਲੀ ਜਿਹੀ ਚੁਪੇੜ ਮਾਰੀ। ਮੁੰਡਾ ਬਾਂਹ ਛੁੱਟਦਿਆਂ ਈ ਸ਼ੂਟ ਵੱਟ ਕੇ ਆਪਣੇ

**Chunk 10.**

ਬੇਲੀ ਨਾਲ ਜਾ ਰਲਿਆ। ਉਥੋਂ ਉਹ ਦੋਏਂ ਪਿਛਾਂਹ ਮੁੜ ਮੁੜ ਝਾਕਦੇ ਛੱਪੜ ਵੱਲ ਭੱਜ ਗਏ। ਤਾਏ ਨੇ ਇਕ ਵਾਰੀ ਉਨ੍ਹਾਂ ਵੱਲ ਵੇਖਿਆ ਤੇ ਗੰਭੀਰ ਹੋ ਕੇ ਆਪਣੇ ਖੂੰਡੇ ਨੂੰ ਪਲੋਸਣ ਲੱਗ ਪਿਆ।ਤਕੜਾ ਦਿਨ ਚੜ੍ਹ

# ਬਾਰ੍ਹਵਾਂ ਅਧਿਆਏ

**ਹੇਠ ਲਿਖੇ ਵਾਕਾਂ ਦੀ ਘੱਟੋ ਘੱਟ 100 ਵਾਰ ਪ੍ਰੈਕਟਿਸ ਕਰੋ:-**

**(ਇਸ ਵਾਕ ਦੀ ਪ੍ਰੈਕਟਿਸ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਵਿੱਚ ਪੰਜਾਬੀ ਦੇ ਸਾਰੇ ਅੱਖਰ ਅਤੇ ਲਗਾਂ ਮਾਤਰਾਂ ਆ ਜਾਂਦੀਆਂ ਹਨ)**

- ਉਂਙਲਾਂ ਦੁਆਰਾ ਕਾਫੀ ਠਰ੍ਹੰਮੇ, ਧੀਰਜ, ਦ੍ਰਿੜ੍ਹਤਾ, ਙ੍ਹਾਢੇ ਸਹਿਯੋਗ ਤਥਾ ਉਂਜ ਕੁਝ ਡੂੰਘੇ ਰੌਂ ਵਿੱਚ, ਇੰਞ ਬਟਨ-ਅੱਖਰ ਭਾਲਣੇ ਛੁਹ-ਪ੍ਰਣਾਲੀ ਹੈ।

- ਪ੍ਰਮਾਤਮਾ ਦਾ ਨਾਮ ਜਪਣ ਨਾਲ ਇਨਸਾਨ ਨੂੰ ਹਾਲਾਤਾਂ ਨਾਲ ਲੜਨ ਦੀ ਸਮਰੱਥਾ ਅਤੇ ਹਿੰਮਤ ਮਿਲਦੀ ਹੈ।
- ਸੰਤੁਲਤ ਖੁਰਾਕ ਅਤੇ ਰੋਜ਼ਾਨਾ ਕਸਰਤ ਸਿਹਤਮੰਦ ਜੀਵਨ ਦਾ ਆਧਾਰ ਹਨ।
- ਸਫਲ ਜੀਵਨ ਲਈ ਪੜ੍ਹਾਈ-ਲਿਖਾਈ ਦੇ ਨਾਲ ਨਾਲ ਸਿਹਤ ਦਾ ਖਿਆਲ ਰੱਖਣਾ ਵੀ ਬਹੁਤ ਜ਼ਰੂਰੀ ਹੈ।
- ਸਹੀ ਸਮੇਂ ਤੇ ਸਹੀ ਟੀਕਾਕਰਨ ਬੱਚਿਆਂ ਨੂੰ ਰੋਗਾਂ ਤੋਂ ਮੁਕਤ ਅਤੇ ਤੰਦਰੁਸਤ ਰੱਖਦਾ ਹੈ।
- ਜਿੰਦਗੀ ਵਿੱਚ ਕਦੇ ਵੀ ਕਿਸੇ ਦਾ ਦਿਲ ਨਾ ਦੁਖਾਓ, ਕਿਉਂਕਿ ਹਰ ਇੱਕ ਇਨਸਾਨ ਵਿੱਚ ਪ੍ਰਮਾਤਮਾ ਦਾ ਵਾਸ ਹੈ।
- ਸੂਚਨਾ ਦੇ ਅਧਿਕਾਰ ਦਾ ਗਲਤ ਇਸਤੇਮਾਲ, ਸਰਕਾਰੀ ਕੰਮਾਂ ਵਿੱਚ ਵਿਘਨ ਪਾਉਂਦਾ ਹੈ।
- ਮਾਤਾ ਪਿਤਾ ਦਾ ਸਤਿਕਾਰ ਕਰੋ, ਕਿਉਂਕਿ, ਮਾਪੇ ਆਪਣੇ ਖ਼ੂਨ ਪਸੀਨੇ ਦੀ ਕਮਾਈ ਨਾਲ ਤੁਹਾਨੂੰ ਕਾਬਿਲ ਬਣਾਉਂਦੇ ਹਨ।
- ਰੱਬ ਦੇ ਬਣਾਏ ਹੋਏ ਜੀਵਾਂ ਦਾ ਅਦਰ ਸਤਿਕਾਰ ਅਸੀਂ ਪੌਦਿਆਂ ਨੂੰ ਪਾਣੀ ਪਾ ਕੇ ਪੰਛੀਆਂ ਨੂੰ ਦਾਣਾ-ਪਾਣੀ ਦੇ ਕੇ ਅਤੇ ਜੀਵਾਂ ਨੂੰ ਭੋਜਨ ਦੇ ਕੇ ਵੀ ਕਰ ਸਕਦੇ ਹਾਂ।
- ਕਿਸੇ ਗਰੀਬ ਦਾ ਹੱਕ ਮਾਰ ਕੇ ਖਾਣਾ ਲਹੂ ਖਾਣ ਦੇ ਬਰਾਬਰ ਹੈ।
- ਗਊ ਗਰੀਬ ਅਤੇ ਔਰਤ ਦੀ ਹਮੇਸ਼ਾ ਰੱਖਿਆਂ ਕਰਨੀ ਚਾਹੀਦੀ ਹੈ।
- ਸਮੇਂ ਦੇ ਪਾਬੰਦ ਬਣਨਾ, ਜ਼ਿੰਦਗੀ ਵਿੱਚ ਸਫਲਤਾ ਦੀ ਪਹਿਲੀ ਪੌੜ੍ਹੀ ਹੈ।
- ਆਪਣੇ ਆਪ ਨੂੰ ਚੰਗੇ ਕੰਮਾਂ ਚ ਵਿਅਸਤ ਰੱਖਣ ਨਾਲ ਸਰੀਰ ਤੇ ਬੁੱਧੀ ਦੋਵੇਂ ਦਰੁਸਤ ਰਹਿੰਦੇ ਹਨ।

**-0-0-0-0-0-**

## ਅਭਿਆਸ 31

**Chunk 1.**

ਗੁਰਬਖਸ਼ ਸਿੰਘ ਪ੍ਰੀਤਲੜੀ (੨੬ ਅਪਰੈਲ ੧੮੯੫-੨੦ ਅਗਸਤ ੧੯੭੭) ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ, ਨਾਵਲਕਾਰ, ਨਾਟਕਕਾਰ, ਵਾਰਤਕ ਲੇਖਕ ਅਤੇ ਸੰਪਾਦਕ ਸਨ। ਉਨ੍ਹਾਂ ਦਾ ਜਨਮ ਸਿਆਲਕੋਟ ਅਜੋਕੇ ਪਾਕਿਸਤਾਨ ਵਿਖੇ ਪਿਤਾ ਪਸ਼ੌਰਾ ਸਿੰਘ ਜੀ

**Chunk 2.**

ਅਤੇ ਮਾਤਾ ਮਿਲਣੀ ਕੌਰ ਜੀ ਦੇ ਘਰ ਹੋਇਆ।ਉਹ ਸਿਆਲਕੋਟ ਤੋਂ ਦਸਵੀਂ ਪਾਸ ਕਰਕੇ ਐਫ.ਸੀ. ਕਾਲਜ ਲਾਹੌਰ ਵਿੱਚ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਦਾਖਲ ਹੋਏ। ਆਰਥਿਕ ਤੰਗੀ ਕਾਰਨ ਕਾਲਜ ਛੱਡ

**Chunk 3.**

ਕੇ ੧੫ ਰੁਪਏ ਮਹੀਨੇ 'ਤੇ ਸਰਕਾਰੀ ਕਲਰਕ ਦੀ ਨੌਕਰੀ ਕਰ ਲਈ ਪਰ ਫਿਰ ਥੋੜ੍ਹੇ ਸਮੇਂ ਬਾਅਦ ਥਾਪਸਨ ਸਿਵਲ ਇੰਜੀਨੀਅਰਿੰਗ ਕਾਲਜ, ਰੁੜਕੀ ਤੋਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ ਅਤੇ ੧੯੨੨ ਵਿਚ

**Chunk 4.**

ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਤੋਂ ਬੀ ਐਸ ਸੀ (ਇੰਜਨੀਅਰਿੰਗ) ਦੀ ਡਿਗਰੀ ਪ੍ਰਾਪਤ ਕੀਤੀ। ਜਦੋਂ ਦੇਸ਼ ਵਾਪਸ ਆਏ ਤਾਂ ਰੇਲਵੇ ਡਿਪਾਰਟਮੈਂਟ ਦੀ ਨੌਕਰੀ ਮਿਲ ਗਈ। ੧੯੩੨ ਵਿੱਚ ਇਸ ਨੌਕਰੀ ਤੋਂ ਮੁਕਤ

**Chunk 5.**

ਹੋ ਕੇ ਨੌਸ਼ਹਿਰੇ ਦੇ ਸਥਾਨ 'ਤੇ ਜ਼ਮੀਨ ਲੈ ਕੇ ਆਧੁਨਿਕ ਵਿਗਿਆਨਕ ਢੰਗ ਨਾਲ ਖੇਤੀ ਕਰਨੀ ਸ਼ੁਰੂ ਕੀਤੀ। ਉਨ੍ਹਾਂ ਨੇ ਆਪਣੇ ਮਾਸਿਕ ਰਸਾਲੇ ਪ੍ਰੀਤਲੜੀ ਦੀ ਪ੍ਰਕਾਸ਼ਨਾ ੧੯੩੩ ਦੇ ਸਤੰਬਰ ਮਹੀਨੇ ਵਿੱਚ

**Chunk 6.**

ਆਰੰਭ ਕੀਤੀ । ੧੯੩੮ ਵਿੱਚ ਇਨ੍ਹਾਂ ਨੇ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਕਾਰ ੧੫ ਏਕੜ ਜ਼ਮੀਨ ਮੁੱਲ ਲੈ ਕੇ ਆਪਣੇ ਵਡੇਰਿਆਂ ਦੀ ਯਾਦ ਵਿੱਚ ਪ੍ਰੀਤ ਨਗਰ ਦੀ ਸਥਾਪਨਾ ਕੀਤੀ। ੧੯੪੦ ਵਿੱਚ ਬਾਲ

**Chunk 7.**

ਸੰਦੇਸ਼ ਨਾਂ ਦਾ ਮਾਸਿਕ ਪੱਤਰ  ਛਾਪਣਾ ਸ਼ੁਰੂ ਕੀਤਾ। ਉਨ੍ਹਾਂ ਦੀਆਂ ਕੁਝ ਪ੍ਰਮੁੱਖ ਅਤੇ ਮਸ਼ਹੂਰ ਰਚਨਾਵਾਂ ਹਨ; ਨਿਬੰਧਾਂ ਦੀਆਂ ਪੁਸਤਕਾਂ: ਸਾਵੀਂ ਪੱਧਰੀ ਜ਼ਿੰਦਗੀ. ਪ੍ਰਸੰਨ ਲੰਮੀ ਉਮਰ, ਸਵੈ-ਪੂਰਨਤਾ ਦੀ ਲਗਨ, ਨਵਾਂ ਸ਼ਿਵਾਲਾ,

**Chunk 8.**

ਜ਼ਿੰਦਗੀ ਦੀ ਰਾਸ, ਪਰਮ ਮਨੁੱਖ ਆਦਿ; ਨਾਵਲ: ਅਣਵਿਆਹੀ ਮਾਂ, ਰੁੱਖਾਂ ਦੀ ਜੀਰਾਂਦ, ਮਾਂ (ਅਨੁਵਾਦ); ਕਹਾਣੀ ਸੰਗ੍ਰਹਿ: ਨਾਗ ਪ੍ਰੀਤ ਦਾ ਜਾਦੂ, ਅਨੋਖੇ ਤੇ ਇਕੱਲੇ, ਅਸਮਾਨੀ ਮਹਾਂਨਦੀ, ਵੀਣਾ ਵਿਨੋਦ ਤੇ ਹੋਰ ਕਹਾਣੀਆਂ,

**Chunk 9.**

ਪ੍ਰੀਤਾਂ ਦੀ ਪਹਿਰੇਦਾਰ, ਪ੍ਰੀਤ ਕਹਾਣੀਆਂ, ਸ਼ਬਨਮ, ਭਾਬੀ ਮੈਨਾ, ਇਸ਼ਕ ਜਿਹਨਾਂ ਦੇ ਹੱਡੀਂ ਰਚਿਆ, ਜ਼ਿੰਦਗੀ ਵਾਰਸ ਹੈ, ਰੰਗ ਸਹਿਕਦਾ ਦਿਲ ਤੇ ਹੋਰ ਕਹਾਣੀਆਂ; ਨਾਟਕ: ਰਾਜਕੁਮਾਰੀ ਲਤਿਕਾ ਤੇ ਹੋਰ ਪ੍ਰੀਤ-ਡਰਾਮੇ, ਪ੍ਰੀਤ ਮੁਕਟ,

**Chunk 10.**

ਪੂਰਬ-ਪੱਛਮ, ਸਾਡੀ ਹੋਣੀ ਦਾ ਲਿਸ਼ਕਾਰਾ; ਬਾਲ ਸਾਹਿਤ: ਗੁਲਾਬੀ ਐਨਕਾਂ, ਪਰੀਆਂ ਦੀ ਮੋਰੀ, ਗੁਲਾਬੋ, ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ, ਜੁੱਗਾਂ ਪੁਰਾਣੀ ਗੱਲ । ਇਸਤੋਂ ਇਲਾਵਾ ਉਨ੍ਹਾਂ  ਨੇ ਕਈ ਅਨੁਵਾਦ ਵੀ ਕੀਤੇ ਅਤੇ ਆਪਣੀ ਸਵੈਜੀਵਨੀ ਵੀ ਲਿਖੀ ।

# ਤੇਰ੍ਹਵਾਂ ਅਧਿਆਏ

## ਸੰਖੇਪ ਲੇਖ

### ਅਭਿਆਸ 1

ਦੂਜਿਆਂ ਦੀ ਇੱਜ਼ਤ ਕਰੋ, ਇਸ ਵਿੱਚ ਤੁਹਾਡੀ ਹੀ ਇੱਜ਼ਤ ਹੈ। ਸਭ ਨਾਲ ਪਿਆਰ ਅਤੇ ਹਮਦਰਦੀ ਨਾਲ ਪੇਸ਼ ਆਉਣਾ ਤੁਹਾਡਾ ਧਰਮ ਹੋਣਾ ਚਾਹੀਦਾ ਹੈ, ਕਿਉਂਕਿ ਚੰਗੇ ਸ਼ਬਦ ਦੂਸਰੇ ਵਿਅਕਤੀ ਲਈ ਬੋਲਣ ਵਾਸਤੇ ਤੁਹਾਡਾ ਕੋਈ ਮੁੱਲ ਨਹੀਂ ਲੱਗਦਾ, ਸਗੋਂ ਇਸ ਨਾਲ ਤੁਹਾਡੀ ਇੱਜ਼ਤ ਹੀ ਵਧਦੀ ਹੈ। (44 ਸ਼ਬਦ)

### ਅਭਿਆਸ 2

ਪੜ੍ਹਨਾ-ਲਿਖਣਾ, ਕਸਰਤ ਕਰਨਾ ਅਤੇ ਨਾਮ ਜਪਣਾ ਅਗਰ ਜਿੰਦਗੀ ਦੇ ਹਿੱਸੇ ਬਣ ਜਾਣ ਤਾਂ ਇਹ ਮੇਲ ਸੋਨੇ ਤੇ ਸੁਹਾਗੇ ਵਰਗਾ ਹੁੰਦਾ ਹੈ। ਜਿੱਥੇ ਪੜ੍ਹਾਈ ਲਿਖਾਈ ਇਨਸਾਨ ਨੂੰ ਬੌਧਿਕ ਤੌਰ ਤੇ ਵਿਕਸਤ ਕਰਦੀ ਹੈ, ਕਸਰਤ ਇਨਸਾਨ ਨੂੰ ਜਿਸਮਾਨੀ ਤੌਰ ਤੇ ਪੁਸ਼ਟ ਰੱਖਦੀ ਹੈ, ਉਥੇ ਨਾਮ ਜਪਣਾ ਇਨਸਾਨ ਦੇ ਮਨ ਨੂੰ ਸ਼ਾਂਤੀ ਤੇ ਸੁਚੇਤਤਾ ਬਖਸ਼ਦਾ ਹੈ। (53 ਸ਼ਬਦ)

### ਅਭਿਆਸ 3

ਰਾਜਨੀਤੀ ਸਮਾਜ ਦਾ ਇੱਕ ਅਹਿਮ ਹਿੱਸਾ ਹੁੰਦਾ ਹੈ, ਕਿਉਂਕਿ ਇਸ ਨਾਲ ਲੋਕਾਂ ਨੇ ਆਪਣੇ ਸਮਾਜ ਦੇ ਸਹੀ ਪ੍ਰਬੰਧਨ ਲਈ ਇਕ ਮੁਖੀ ਚੁਣਨਾ ਹੁੰਦਾ ਹੈ। ਤਾਨਾਸ਼ਾਹੀ ਅਤੇ ਲੋਕਤੰਤਰ ਰਾਜਨੀਤੀ ਦੀਆਂ ਦੋ ਕਿਸਮਾਂ ਹਨ। ਤਾਨਾਸ਼ਾਹੀ ਵਿੱਚ ਜਿੱਥੇ ਇਕ ਰਾਜਾ ਆਪਣੇ ਰਾਜ ਦੇ ਪ੍ਰਬੰਧਾਂ ਲਈ ਜਿੰਮੇਵਾਰ ਹੁੰਦਾ ਹੈ ਉਥੇ ਲੋਕਤੰਤਰ ਵਿੱਚ ਲੋਕ ਇਸ ਲਈ ਜਿੰਮੇਵਾਰ ਹੁੰਦੇ ਹਨ, ਕਿਉਂਕਿ ਲੋਕਤੰਤਰ ਦੀ ਸਰਕਾਰ ਲੋਕਾਂ ਦੁਆਰਾ, ਲੋਕਾਂ ਲਈ, ਲੋਕਾਂ ਦੀ ਸਰਕਾਰ ਹੁੰਦੀ ਹੈ। (67 ਸ਼ਬਦ)

### ਅਭਿਆਸ 4.

ਪਿਆਰ ਕੀ ਹੈ? ਪਿਆਰ ਇੱਕ ਅਹਿਸਾਸ ਹੈ। ਪਿਆਰ ਆਪਣੇ ਆਪ ਦਾ ਸਭ ਕੁਝ ਕਿਸੇ ਤੋਂ ਵਾਰਨ ਦਾ ਇੱਕ ਜਜ਼ਬਾ ਹੈ। ਜਿਵੇਂ ਕਮਲ ਦਾ ਫੁੱਲ ਪਾਣੀ ਬਿਨਾ ਰਹਿ ਨਹੀਂ ਸਕਦਾ ਅਤੇ ਪਾਣੀ ਵੀ ਉਸਦੇ ਪਿਆਰ ਦੇ ਕਾਰਨ ਉਸਨੂੰ ਡੁੱਬਣ ਨਹੀਂ ਦਿੰਦਾ। ਪਿਆਰ ਮਾਂ-ਬਾਪ, ਭੈਣ, ਭਰਾ, ਦੋਸਤ-ਮਿੱਤਰ, ਜੀਵਨ ਸਾਥੀ ਅਤੇ ਸਮੁੱਚੀ ਮਨੁੱਖਤਾ ਅਤੇ ਸਮੁੱਚੀ ਪ੍ਰਕਿਰਤੀ ਨਾਲ ਹੋ ਸਕਦਾ ਹੈ, ਜੇਕਰ ਅਸੀਂ ਇਸ ਨੂੰ ਇਹਨਾਂ ਵਿੱਚੋਂ ਲੱਭਣ ਦੀ ਕੋਸ਼ਿਸ਼ ਕਰੀਏ। (67 ਸ਼ਬਦ)

### ਅਭਿਆਸ 5.

ਕੋਸ਼ਿਸ ਕਰਦੇ ਰਹਿਣਾ ਮਨੁੱਖ ਦੀ ਹੋਂਦ ਦਾ ਪ੍ਰਤੀਕ ਹੈ। ਜੋ ਕੋਸ਼ਿਸ਼ ਨਹੀਂ ਕਰਦੇ ਉਹ ਮੁਰਦਿਆਂ ਦੇ ਸਮਾਨ ਹੁੰਦੇ ਹਨ। ਪ੍ਰਮਾਤਮਾ ਦੀ ਕਿਰਪਾ ਹੈ ਕਿ ਉਸਨੇ ਸਾਨੂੰ ਕੋਸ਼ਿਸ਼ ਕਰਨ ਦੇ ਕਾਬਿਲ ਬਣਾਇਆ ਹੈ। ਸਾਨੂੰ ਉਸਦੇ ਸ਼ੁਕਰ ਗੁਜ਼ਾਰ ਹੁੰਦੇ ਹੋਏ ਉਸਦੀਆਂ ਅਨਮੋਲ ਦਾਤਾਂ ਦੀ ਕਦਰ ਕਰਦਿਆਂ ਹੋਇਆਂ ਜੀਵਨ ਦੇ ਹਰ ਮੁਸ਼ਕਿਲ ਤੋਂ ਮੁਸ਼ਕਿਲ ਪੜਾਅ ਵਿੱਚ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। (58 ਸ਼ਬਦ)

## ਅਭਿਆਸ 30

**Chunk 1.**

"ਪੁੱਤਰ, ਹੁਣੇ ਮੁੜਨਾ ਤਾਂ ਬਲਬੀਰ ਕੌਰ ਨੂੰ ਗੱਡੀ ਚੜ੍ਹਾ ਦੇਈਂ, ਨਹੀਂ ਤਾਂ ਸਾਨੂੰ ਕਿਸੇ ਨੂੰ ਕੰਮ ਛੱਡ ਕੇ ਜਾਣਾ ਪੈਣਾ।"
"ਮੁੜਨਾ ਤਾਂ ਮੈਂ ਹੁਣੇ ਹੈ, ਪਰ ਬਲਬੀਰ ਕੌਰ ਕੌਣ ਐ?" ਮੈਂ ਪੁੱਛਿਆ।

**Chunk 2.**

"ਹੁਣ ਭੁੱਲ ਗਿਆ ਓਏ ਤੂੰ?...ਜੀਹਨੂੰ ਕਹਿੰਦਾ ਸੀ, ਫੜਿਓ ਓਇ ਜੱਟੀ ਭੱਜ ਗਈ...।" ਮਾਸੀ ਹੱਸ ਪਈ। ਮੈਨੂੰ ਯਾਦ ਆਇਆ ਕਿ ਜਦ ਛੋਟੇ ਛੋਟੇ ਹੁੰਦੇ ਸੀ। ਮੇਰੀ ਹਾਨਣ ਇਹ ਕੁੜੀ, ਆਪਣੀ ਭੈਣ, ਮੇਰੀ ਮਾਸੀ ਦੀ ਨੂੰਹ, ਕੋਲ ਰਿਹਾ ਕਰਦੀ ਸੀ।

**Chunk 3.**

ਇਕ ਦਿਨ ਖੇਡਦਿਆਂ ਮੈਂ ਜੱਟ ਬਣ ਗਿਆ ਤੇ ਉਹ ਜੱਟੀ। ਪਤਾ ਨਹੀਂ ਕਿਸ ਗੱਲੋਂ ਉਹ ਰੁੱਸ ਗਈ ਤੇ ਖੇਡ ਵਿਚਾਲੇ ਛੱਡ ਕੇ ਭੱਜ ਗਈ। ਮੈਨੂੰ ਰੋਸਾ ਸੀ ਕਿ ਉਹਨੇ ਖੇਡ ਪੂਰੀ ਕਿਉਂ ਨਹੀਂ ਸੀ ਕੀਤੀ।

**Chunk 4.**

ਇਸ ਤੇ ਮੈਂ ਰੌਲਾ ਪਾ ਦਿੱਤਾ ਸੀ "ਮੈਂ, 'ਜਾਣ ਨ੍ਹੀਂ ਦਿੰਦਾ, ਫੜਿਓ ਓਇ, ਜੱਟੀ ਭੱਜ ਗਈ...ਜੱਟੀ ਭੱਜ ਗਈ...।' ਕਹਿੰਦਾ ਉਹਦੇ ਪਿੱਛੇ ਭੱਜਿਆ। ਸਾਡੇ ਘਰਾਂ ਵਿਚ ਇਸ ਗੱਲ ਦਾ ਬਹੁਤ ਹਾਸਾ ਮੱਚਿਆ।

**Chunk 5.**

"ਮੈਂ ਕਹਾਂ ਕਿਹੜੀ ਬਲਬੀਰ ਕੌਰ, ਬੀਰਾਂ ਨੀ ਕਹਿੰਦੇ।" ਮਾਸੀ ਦੀ ਗੱਲ ਦੇ ਜੁਆਬ ਵਿਚ ਮੈਂ ਖਿੜਖੜਾ ਕੇ ਹੱਸ ਪਿਆ।
"ਹੁਣ ਤਾਂ ਭਾਈ ਸੁੱਖ ਨਾਲ ਵਿਆਹੀ ਗਈ, ਬਲਬੀਰ ਕੌਰ ਬਣ ਗਈ" ਮਾਸੀ ਨੇ ਦੱਸਿਆ।

**Chunk 6.**

ਤੇਰੀ ਭਾਬੀ ਨੇ ਤਾਂ ਤੈਨੂੰ ਏਨਾ ਜ਼ੋਰ ਲਾਇਆ ਰਿਸ਼ਤੇ ਵਾਸਤੇ, ਤੂੰ ਤਾਂ ਮੁੰਡਿਆ ਲੱਤ ਹੀ ਨੀ ਲਾਈ।" ਰਸਮੀ ਸੁੱਖ ਸਾਂਦ ਪੁੱਛਣ ਮਗਰੋਂ ਮੈਂ, ਬੀਰਾਂ ਤੇ ਉਹਦਾ ਦਸ ਬਾਰਾਂ ਸਾਲ ਦਾ ਭਾਈ, ਟਾਂਗੇ ਵਿਚ ਮੂਹਰੇ ਬੈਠ ਗਏ।

**Chunk 7.**

ਅੱਧ ਵਾਲੀ ਟਾਹਲੀ ਆ ਗਈ। ਬੀਰਾਂ ਦਾ ਭਾਈ ਤੇ ਪਿਛਲੀਆਂ ਸੁਆਰੀਆਂ ਨਲਕੇ ਤੋਂ ਪਾਣੀ ਪੀਣ ਲੱਗ ਗਈਆਂ। ਟਾਂਗੇ ਵਾਲਾ ਘੋੜੇ ਲਈ ਪਾਣੀ ਦੀ ਬਾਲਟੀ ਲੈਣ ਚਲਿਆ ਗਿਆ। ਮੈਂ ਲਹਿੰਬਰੀ ਟਾਹਲੀ ਵੱਲ ਵੇਖਣ ਲੱਗ ਪਿਆ।

**Chunk 8.**

ਮੈਂ ਤ੍ਰਭਕਿਆ, ਬੀਰਾਂ ਦਾ ਹੱਥ ਮੇਰੇ ਗੋਡੇ ਉੱਤੇ ਟਿਕ ਗਿਆ ਸੀ। ਉਹ ਹੋਲੀ ਆਵਾਜ਼ ਵਿਚ ਬੋਲੀ, "ਉਦੋਂ ਤਾਂ ਕਹਿੰਦਾ ਸੀ, ਜੱਟੀ ਨੂੰ ਜਾਣ ਨਹੀਂ ਦਿੰਦਾ। ਜੱਟਾ ਤੂੰ ਤਾਂ ਆਪ ਹੀ ਭੱਜ ਗਿਆ।...

**Chunk 9.**

ਮੈਂ ਭੈਣ ਹੱਥ ਕਹਾਇਆ ਸੀ, ਤੂੰ ਗੱਲ ਤਾਂ ਸੁਣ ਲੈਂਦੀ ਸੀ...ਮੈਂ ਤੇਰੇ ਪੈਰ ਧੋ ਧੋ ਪੀਂਦੀ...।" ਮੈਨੂੰ ਕੋਈ ਜਵਾਬ ਨਾ ਅਹੁੜਿਆ। ਜੋ ਬੋਲਦਾ, ਮੈਂ ਬੋਲਦਾ ਵੀ ਕੀ? ਮੈਂ ਖਾਲੀ ਖਾਲੀ ਨਜ਼ਰਾਂ ਨਾਲ ਵੇਖਿਆ,

**Chunk 10.**

ਉਹਦੀਆਂ ਅੱਖਾਂ ਦੇ ਕੋਇਆਂ ਦੇ ਵਿਚ ਸਿਲ੍ਹ ਤਿਲ੍ਹਕ ਆਈ ਸੀ ਅਤੇ ਉਹਨਾਂ ਹੇਠਲੀ ਕਲੱਤਣ ਤੇ ਮੱਥੇ ਉਤਲੀ ਥਕਾਵਟ ਗੂੜ੍ਹੀ ਹੋ ਗਈ ਸੀ। ਅਤੇ ਮੈਂ ਕਦੇ ਉਸ ਦੀਆਂ ਨਮ ਹੋਈਆਂ ਅੱਖਾਂ ਅਤੇ ਕਦੇ ਬਚਪਣ ਦੀ ਉਸ ਖੇਡ ਬਾਰੇ ਯਾਦ ਕਰਦਾ ਸੀ।

## ਅਭਿਆਸ 6.

ਪੰਜਾਬ ਆਪਣੀ ਭੂਗੋਲਿਕ ਸਥਿਤੀ ਕਾਰਨ ਕਈ ਸਦੀਆਂ ਤਕ ਭਾਰਤ ਦਾ ਮੁੱਖ ਦੁਆਰ ਬਣਿਆ ਰਿਹਾ ਹੈ। ਪੁਰਾਣੇ ਜ਼ਮਾਨੇ ਵਿਚ ਸਭ ਵਿਦੇਸ਼ੀ ਹਮਲਾਵਰ, ਈਰਾਨੀ, ਯੂਨਾਨੀ, ਸਿਥੀਅਨ, ਪਾਰਥੀਅਨ, ਹੂਣ, ਤੁਰਕ ਤੇ ਮੰਗੋਲ ਆਦਿ ਪੰਜਾਬ ਵਲੋਂ ਹੀ ਭਾਰਤ ਵਿਚ ਆਏ। ਇਥੋਂ ਦੇ ਨਰੋਏ ਸਰੀਰ ਤੇ ਤਕੜੇ ਦਿਲ-ਜਿਗਰੇ ਵਾਲੇ ਪੰਜਾਬੀਆਂ ਨੂੰ ਹਮੇਸ਼ਾਂ ਹੀ ਸਭ ਹੱਲਿਆਂ ਦੀ ਪਹਿਲੀ ਮਾਰ ਝੱਲਣੀ ਪਈ। ਇਸੇ ਲਈ, ਪੰਜਾਬੀਆਂ ਦੇ ਖ਼ੂਨ ਵਿੱਚ ਬਲ, ਹੌਸਲਾ ਤੇ ਸ੍ਵੈਮਾਣ ਬਾਕੀ ਪ੍ਰਾਂਤਾ ਦੇ ਲੋਕਾਂ ਨਾਲੋਂ ਵਧੇਰੇ ਹੈ ਤੇ ਇਹ ਰਣ-ਤੱਤੇ ਵਿਚ ਜੂਝਣ ਲਈ ਬੇਝਿਜਕ ਹੋ ਕੇ ਨਿਤਰਦੇ ਹਨ। ਭਾਰਤ ਦੀ ਇੱਜ਼ਤ ਤੇ ਸ਼ਾਨ ਦਾ ਰਾਖਾ ਹੋਂ ਕਰਕੇ ਪੰਜਾਬ ਨੂੰ ਭਾਰਤ ਦੀ ਖੜਗ ਭੁਜਾ ਵੀ ਕਿਹਾ ਜਾਂਦਾ ਹੈ। (102 ਸ਼ਬਦ)

## ਅਭਿਆਸ 7.

ਕਈ ਵਿਗਿਆਨੀ ਕਹਿੰਦੇ ਹਨ ਕਿ ਓਜ਼ੋਨੀ ਪਰਤ ਨਾਈਟ੍ਰੋਜਨ ਆਕਸਾਈਡ ਨਾਲ ਨਸ਼ਟ ਹੋਈ ਹੈ, ਪਰ ਹੁਣ ਬਹੁਤੇ ਵਿਗਿਆਨੀ ਇਹ ਮੰਨਣ ਲੱਗੇ ਹਨ ਕਿ ਇਹ ਪਰਤ ਮਨੁੱਖ ਦੀਆਂ ਆਰਥਿਕ ਕਿਰਿਆਵਾਂ ਵਿੱਚੋਂ ਪੈਦਾ ਹੋਏ ਵਿਸ਼ੈਲੇ ਪਦਾਰਥਾਂ ਕਰਕੇ ਨਸ਼ਟ ਹੋਈ ਹੈ। ਹੁਣ ਜਿਸ ਮਿਕਦਾਰ ਨਾਲ ਉਦਯੋਗੀਕਰਨ ਵਧਿਆ ਹੈ ਤੇ ਜਿਸ ਭਿਆਨਕ ਮਾਤਰਾ ਵਿੱਚ ਅਸੀ ਕਾਰਬਨ ਡਾਈਆਕਸਾਈਡ ਅਤੇ ਹੋਰ ਵਿਸ਼ੈਲੀਆਂ ਗੈਸਾਂ ਦੀਆਂ ਲਹਿਰਾਂ ਨੂੰ ਵਾਯੂਮੰਡਲ ਵਲ ਭੇਜਿਆ ਹੈ, ਇਸ ਨਾਲ ਵਾਯੂਮੰਡਲੀ ਪਰਤਾਂ ਦੇ ਸੁਭਾਅ ਵਿਚ ਤਬਦੀਲੀ ਆਉਣੀ ਕੁਦਰਤੀ ਹੈ। ਵਿਗਿਆਨੀਆਂ ਅਨੁਸਾਰ ਸਭ ਤੋਂ ਵੱਧ ਨੁਕਸਾਨ ਏਅਰ-ਕੰਡੀਸ਼ਨ ਯੰਤਰਾਂ ਤੇ ਰੈਫ਼ੀਜ਼ਰੇਟਰਾਂ ਨੇ ਪੁਚਾਇਆ ਹੈ, ਜਿਨ੍ਹਾਂ ਵਿਚੋਂ ਨਿਕਲੀਆਂ ਕਲੋਰੋ-ਫਲੋਰੋ ਕਾਰਬਨ ਅਤੇ ਮੀਥੇਨ ਵਰਗੀਆਂ ਗੈਸਾਂ ਨੇ ਵਾਯੂਮੰਡਲ ਨੂੰ ਪ੍ਰਦੂਸ਼ਿਤ ਕਰਕੇ ਓਜ਼ੋਨ ਦੀ ਪਰਤ ਨੂੰ ਨੁਕਸਾਨ ਪਹੁੰਚਾਇਆ ਹੈ। ਪੱਛਮੀ ਦੇਸ਼ਾਂ ਦੁਆਰਾ ਕੂੜੇ ਵਿੱਚ ਇਹੋ ਜਿਹੇ ਯੰਤਰਾਂ ਨੂੰ ਸੁੱਟਣ ਨਾਲ ਸਿੱਧਾ ਨੁਕਸਾਨ ਹੋਇਆ ਹੈ। (123 ਸ਼ਬਦ)

## ਅਭਿਆਸ 8.

ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ, ਕਿਉਂਕਿ ਇਥੇ ਸਾਲ ਦੇ ਹਰ ਮਹੀਨੇ ਵਿਚ ਇਕ ਤਿਉਹਾਰ ਤੋਂ ਪਿਛੋਂ ਦੂਜਾ ਤਿਉਹਾਰ ਆਉਂਦਾ ਰਹਿੰਦਾ ਹੈ। ਪੰਜਾਬ ਵਿੱਚ ਚੰਨ ਦੀਆਂ ਤਿੱਥਾਂ ਮੁਤਾਬਿਕ ਏਕਾਦਸ਼ੀ, ਮੱਸਿਆ, ਪੂਰਨਮਾਸ਼ੀ ਤੇ ਸੰਗਰਾਂਦ ਹਰ ਮਹੀਨੇ ਆਉਂਦੇ ਰਹਿੰਦੇ ਹਨ। ਇਨ੍ਹਾਂ ਤੋਂ ਇਲਾਵਾ ਨਵਾਂ ਸਾਲ ਚੜ੍ਹਦਿਆਂ ਚੇਤਰ ਦੀ ਏਕਮ ਨੂੰ ਨਵਾਂ ਸੰਮਤ, ਚੇਤਰ ਸੁਦੀ ਅੱਠਵੀ ਨੂੰ ਕੰਜਕਾਂ, ਚੇਤਰ ਸੁਦੀ ਨੌਂ ਨੂੰ ਰਾਮ ਨੌਵੀਂ, ਸਾਵਣ ਵਿਚ ਤੀਆਂ, ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ, ਭਾਦੋਂ ਵਿਚ ਗੁੱਗਾ ਨੌਵੀਂ, ਭਾਦੋਂ ਦੀ ਕ੍ਰਿਸ਼ਨਾ ਪੱਖ ਦੀ ਅੱਠਵੀ ਨੂੰ ਜਨਮ ਅਸ਼ਟਮੀ, ਅੱਸੂ ਦੇ ਹਨੇਰੇ ਪੱਖ ਦੀਆਂ ਪੰਦਰਾਂ ਤਿੱਥਾਂ ਨੂੰ ਸਰਾਧ, ਅੱਸੂ ਦੇ ਚਾਨਣ ਪੱਖ ਦੀ ਏਕਮ ਤੋਂ ਨੌਵੀ ਤੱਕ ਨੌਰਾਤੇ, ਨੌਰਾਤਿਆਂ ਵਿਚ ਮਾਤਾ ਗੌਰਜਾਂ ਤੇ ਸਾਂਝੀ ਦੇਵੀ ਦੀ ਪੂਜਾ, ਰਾਮ-ਲੀਲ੍ਹਾ, ਦੁਸਹਿਰਾ, ਕੱਤਕ ਦੀ ਮੱਸਿਆ ਨੂੰ ਦੀਵਾਲੀ, ਹਨੇਰੇ ਪੱਖ ਦੀ ਚੌਥੀ ਤਿੱਥ ਨੂੰ ਕਰਵਾ ਚੌਥ, ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ, ਪੋਹ ਮਹੀਨੇ ਦੇ ਆਖਰੀ ਦਿਨ ਲੋਹੜੀ, ਮਾਘ ਦੀ ਏਕਮ ਨੂੰ ਮਕਰ ਸੰਕ੍ਰਾਂਤੀ ਜਾਂ ਮਾਘੀ ਤੇ ਫੱਗਣ ਦੀ ਮੱਸਿਆ ਨੂੰ ਸ਼ਿਵਰਾਤਰੀ ਦਾ ਤਿਉਹਾਰ ਆਉਂਦਾ ਹੈ। (164 ਸ਼ਬਦ)

# ਅਭਿਆਸ 29.

## Chunk System (ਚੰਕ ਸਿਸਟਮ) ਦੁਆਰਾ ਟਾਈਪਿੰਗ

ਚੰਕ ਸਿਸਟਮ ਵੱਖ ਵੱਖ ਅਦਾਰਿਆਂ ਦੁਆਰਾ ਟਾਈਪਿੰਗ ਦਾ ਟੈਸਟ ਲੈਣ ਦੀ ਇੱਕ ਨਵੀਂ ਤਰਕੀਬ ਹੈ। ਇਸ ਸਿਸਟਮ ਵਿੱਚ ਆਨਲਾਈਨ ਟਾਈਪਿੰਗ ਦਾ ਟੈਸਟ (ਸਾਫਟਵੇਅਰ ਦੁਆਰਾ) ਲਿਆ ਜਾਂਦਾ ਹੈ। ਜਿਸ ਵਿੱਚ ਪੈਰ੍ਹਾ ਇਕੱਠਾ ਲਿਖਣ ਦੀ ਬਜਾਏ ਛੋਟੀਆਂ ਛੋਟੀਆਂ ਟੁਕੜੀਆਂ ਵਿੱਚ ਵੰਡਿਆ ਹੋਇਆ ਹੁੰਦਾ ਹੈ।

- ਇੱਕ ਟੁਕੜੀ (ਚੰਕ) ਵਿੱਚ 32-35 ਅੱਖਰ ਹੁੰਦੇ ਹਨ।
- ਇਸੇ ਤਰ੍ਹਾਂ ਟੈਸਟ ਵਿੱਚ ਉਮੀਦਵਾਰ ਨੇ 10 ਚੰਕ ਟਾਈਪ ਕਰਨੇ ਹੁੰਦੇ ਹਨ।
- ਪੈਰ੍ਹਾਗ੍ਰਾਫ ਦੀ ਵਿਸ਼ਾ ਵਸਤੂ ਅਲੱਗ ਅਲੱਗ ਆਮ ਪੈਰਿਆਂ ਵਰਗੀ ਹੀ ਹੁੰਦੀ ਹੈ।
- ਹਰੇਕ ਚੰਕ ਟਾਈਪ ਕਰਨ ਤੋਂ ਬਾਅਦ Enter ਦਾ ਬਟਨ ਦਬਾਉਣਾ ਹੁੰਦਾ ਹੈ।
- ਉਮੀਦਵਾਰ ਦੀ ਕੋਸ਼ਿਸ਼ ਦਿੱਤੇ ਗਏ ਟਾਈਮ ਵਿੱਚ ਪੈਰ੍ਹੇ ਨੂੰ ਟਾਈਮ ਤੋਂ ਪਹਿਲਾਂ ਟਾਈਪ ਕਰਨ ਦੀ ਹੋਣੀ ਚਾਹੀਦੀ ਹੈ।
- ਟਾਈਪਿੰਗ ਟੈਸਟ ਦੌਰਾਨ ਗਲਤੀਆਂ ਘੱਟ ਤੋਂ ਘੱਟ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਟਾਈਮ ਬੱਝਵਾਂ ਹੁੰਦਾ ਹੈ।

ਚੰਕ ਸਿਸਟਮ ਦੁਆਰਾ ਟਾਈਪਿੰਗ ਦੀ ਆਨਲਾਈਨ ਪ੍ਰੈਕਟਿਸ ਲਈ ਕੁਝ ਵੈਬਸਾਈਟਾਂ ਵੀ ਹਨ। ਜਿਵੇਂ ਕਿ - punjabexamportal.com, typingkhilare.com, akhar.tk ਹਨ। ਪਰ ਇਸਦੀ ਆਫਲਾਈਨ ਪ੍ਰੈਕਟਿਸ ਨਾਲ ਇੱਕ ਤਾਂ ਗਲਤੀਆਂ ਸੁਧਰਦੀਆਂ ਹਨ, ਦੂਜਾ ਟਾਈਪਿੰਗ ਦੀ ਸਪੀਡ ਵੀ ਕਾਫੀ ਵਧਦੀ ਹੈ।

ਇਸ ਲਈ ਅੱਗੇ ਦੇ ਕੁਝ ਅਭਿਆਸ ਪੈਰ੍ਹਿਆਂ ਵਿੱਚ ਚੰਕ ਸਿਸਟਮ ਅਨੁਸਾਰ ਪੈਰ੍ਹੇ ਦਿੱਤੇ ਗਏ ਹਨ। ਜਿਨ੍ਹਾਂ ਦੀ ਲਗਾਤਾਰ ਅਤੇ ਵਾਰ ਵਾਰ ਪ੍ਰੈਕਟਿਸ ਕਰਨ ਨਾਲ ਤੁਸੀਂ ਆਪਣੀ ਸਪੀਡ ਤੇ ਐਕੂਰੇਸੀ ਵਿੱਚ ਵਾਧਾ ਕਰ ਸਕਦੇ ਹੋ।

**ਨੋਟ- ਇਹਨਾਂ ਪੈਰ੍ਹਿਆਂ ਨੂੰ ਟਾਈਪ ਕਰਨ ਲੱਗਿਆਂ 10 ਮਿੰਟ ਦਾ ਅਲਾਰਮ ਲਗਾ ਕੇ ਟਾਈਪ ਕਰਨਾ ਸ਼ੁਰੂ ਕਰੋ ਅਤੇ ਪੈਰ੍ਹਾ ਟਾਈਮ ਤੋਂ ਪਹਿਲਾਂ ਟਾਈਪ ਕਰਨ ਦੀ ਕੋਸ਼ਿਸ਼ ਕਰੋ।**

## ਅਭਿਆਸ 9.

ਪੁਰਾਣ ਕਥਾਵਾਂ ਉਨ੍ਹਾਂ ਕਹਾਣੀਆਂ ਨੂੰ ਕਹਿੰਦੇ ਹਨ, ਜਿਹੜੀਆਂ ਮੁੱਢਲੇ ਮਨੁੱਖ ਨੇ ਕੁਦਰਤ ਦੀਆਂ ਭਿੰਨ-ਭਿੰਨ ਵਸਤਾਂ ਸੂਰਜ, ਚੰਦ, ਤਾਰੇ, ਬਨਸਪਤੀ, ਮਨੁੱਖ, ਧਰਤੀ ਅਕਾਸ਼ ਦੀ ਅਦਭੁਤਤਾ ਤੇ ਇਨ੍ਹਾਂ ਨਾਲ ਸੰਬੰਧਿਤ ਅਲੌਕਿਕ ਵਰਤਾਰਿਆਂ ਨੂੰ ਦੇਖ ਕੇ ਆਪਣੇ ਮਨ ਵਿਚ ਉਠੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਘੜੀਆਂ। ਹਰ ਜਾਤੀ ਦੀਆਂ ਪੁਰਾਣ ਕਥਾਵਾਂ ਉਸ ਦੀਆਂ ਆਪਣੀਆਂ ਸਭਿਆਚਾਰਕ ਰੂੜ੍ਹੀਆਂ, ਪ੍ਰਬਲ ਮਨੋਵਿਰਤੀਆਂ ਤੇ ਸਮੂਹਿਕ ਚਰਿੱਤਰ ਵਿਚੋਂ ਉਪਜੀਆਂ ਹੋਣ ਕਰਕੇ, ਨਿਵੇਕਲੀਆਂ ਹੁੰਦੀਆਂ ਹਨ। ਇਹ ਕਥਾਵਾਂ ਬ੍ਰਹਿਮੰਡ ਦੇ ਰਹੱਸਾਂ ਤੇ ਮਨੁੱਖ ਦੇ ਵਿਸ਼ਵ ਨਾਲ ਸੰਬੰਧਾਂ ਨੂੰ ਸਮਝਣ ਦਾ ਇਕ ਕਲਾਤਮਕ ਤੇ ਰੌਚਕ ਉਪਰਾਲਾ ਹਨ। ਮੁੱਢਲਾ ਮਨੁੱਖ ਹਰੇਕ ਪਦਾਰਥ ਵਿਚ, ਭਾਵੇਂ ਜੜ੍ਹ ਹੋਵੇ ਜਾਂ ਚੇਤਨ, ਆਤਮਾ ਅਥਵਾ ਪ੍ਰਾਣ ਅਨੁਭਵ ਕਰਦਾ ਸੀ। ਉਹ ਆਪਣੇ ਵਾਂਗ ਜੜ੍ਹ ਵਸਤੂਆਂ ਵਿਚ ਬੁੱਧ, ਸੂਝ ਤੇ ਸ਼ਕਤੀ ਮੰਨਦਾ ਸੀ ਤੇ ਉਨ੍ਹਾਂ ਨੂੰ ਆਪਣੇ ਨਿਜੀ ਤੇ ਭਾਈਚਾਰਕ ਜੀਵਨ ਦੇ ਪ੍ਰਤਿਰੂਪ ਢਾਲ ਕੇ ਸਮਝਣ ਦੇ ਉਪਰਾਲੇ ਕਰਦਾ ਸੀ। ਇਨ੍ਹਾਂ ਉਪਰਾਲਿਆਂ ਨੇ ਹੀ ਕਲਾ ਦਾ ਜਾਮਾ ਪਹਿਨ ਕੇ ਪੁਰਾਣ ਕਥਾਵਾਂ ਨੂੰ ਜਨਮ ਦਿੱਤਾ। (144 ਸ਼ਬਦ)

## ਅਭਿਆਸ 10.

ਮਨੁੱਖ ਵਿੱਚ ਜਨਮ ਤੋਂ ਹੀ ਸੁੰਦਰਤਾ ਦੀ ਭੁੱਖ ਹੁੰਦੀ ਹੈ ਤੇ ਇਸ ਦੀ ਤ੍ਰਿਪਤੀ ਲੋਕ-ਕਲਾ ਹੀ ਕਰਦੀ ਹੈ। ਨਿੱਤ ਵਰਤੋਂ ਦੀਆਂ ਚੀਜਾਂ ਨੂੰ ਲੋਕ-ਕਲਾ ਜਲੌ ਬਖ਼ਸ਼ਦੀ ਹੈ ਅਤੇ ਉਹਨਾਂ ਨੂੰ ਸਾਧਾਰਨ ਤੋਂ ਅਸਾਧਾਰਨ ਬਣਾ ਦਿੰਦੀ ਹੈ। ਸਾਡੇ ਘਰਾਂ ਵਿਚ ਵਰਤੇ ਜਾਂਦੇ ਖੇਸਾਂ, ਦਰੀਆਂ, ਗਲੀਚਿਆਂ ਤੇ ਫੁਲਕਾਰੀਆਂ ਵਿਚ ਰੰਗਾਂ, ਪੈਟਰਨਾਂ ਤੇ ਕਲਾ-ਰੂੜ੍ਹੀਆਂ ਦੁਆਰਾ, ਲੱਕੜੀ ਜਾਂ ਦੰਦ-ਖੰਡ ਦੀਆਂ ਕਲਾ-ਕਿਰਤਾਂ ਵਿਚ ਰੂਪ ਤੇ ਨੱਕਾਸ਼ੀ ਨਾਲ, ਗਹਿਣਿਆਂ ਵਿਚ ਵੰਨ-ਸੁਵੰਨੇ ਪੈਟਰਨਾਂ ਤੇ ਕਲਾ-ਛਬੀਆਂ ਦੇ ਸੁਹਜ ਨਾਲ, ਮਿੱਟੀ ਦੀ ਧਾਤ ਦੇ ਬਣੇ ਬਰਤਨਾਂ ਵਿਚ ਫੁੱਲਾਂ, ਪੈਟਰਨਾਂ, ਵੇਲਾਂ ਤੇ ਬੂਟਿਆਂ ਨਾਲ, ਮਿੱਟੀ ਦੀ ਧਾਤ ਦੇ ਬਣੇ ਜਾਨਵਰਾਂ ਤੇ ਫੁੱਲਾਂ ਦੇ ਚਿਤਰਾਂ ਨਾਲ ਇਹ ਕਲਾ ਸਾਡੇ ਜੀਵਨ ਵਿਚ ਸੁਹਜ ਪਸਾਰਦੀ ਅਤੇ ਸਾਡੀਆਂ ਕਲਾ-ਰੁਚੀਆਂ ਨੂੰ ਸੰਤੁਸ਼ਟ ਕਰਨ ਤੋਂ ਬਿਨਾਂ ਮਾਨਸਿਕ ਤੇ ਰੂਹਾਨੀ ਤ੍ਰਿਪਤੀ ਬਖ਼ਸ਼ਦੀ ਰਹੀ ਹੈ। ਇਸ ਪ੍ਰਕਾਰ ਇਹ ਸਾਡੇ ਘਰਾਂ ਦਾ ਸ਼ਿੰਗਾਰ ਬਣਦੀ ਹੈ। (126 ਸ਼ਬਦ)

## ਅਭਿਆਸ 11.

ਪੰਜਾਬ ਵਿਚ ਗੁਰੂ ਸਾਹਿਬਾਂ ਦੇ ਪਾਵਨ ਸਥਾਨਾਂ ਉੱਤੇ ਖ਼ਾਸ-ਖ਼ਾਸ ਮੌਕਿਆਂ ਉੱਤੇ ਮੇਲੇ ਲੱਗਦੇ ਹਨ। ਪੱਛਮੀ ਪੰਜਾਬ ਵਿਚ ਪੰਜਾ ਸਾਹਿਬ ਵਿਖੇ ਹਰ ਪੂਰਨਮਾਸ਼ੀ ਨੂੰ ਮੇਲਾ ਲੱਗਦਾ ਸੀ। ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉੱਤੇ ਡੇਰਾ ਸਾਹਿਬ, ਲਾਹੌਰ ਵਿਚ ਭਾਰੀ ਜੋੜ ਮੇਲਾ ਲੱਗਦਾ ਸੀ। ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ-ਉਤਸਵ ਉੱਤੇ ਦੇਸ਼ ਦੀ ਵੰਡ ਤੋਂ ਪਹਿਲਾਂ ਭਾਰੀ ਮੇਲਾ ਲੱਗਦਾ ਸੀ। ਇਹ ਮੇਲਾ ਕਿਸੇ ਹੱਦ ਤਕ ਹੁਣ ਵੀ ਲੱਗਦਾ ਹੈ। ਇਨ੍ਹਾਂ ਤੋਂ ਇਲਾਵਾ ਮਾਘੀ ਦੇ ਦਿਨ ਮੁਕਤਸਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਾਲੀ ਮੁਕਤਿਆਂ ਦੀ ਟੁੱਟੀ ਗੰਢਣ ਸੰਬੰਧੀ ਭਾਰੀ ਮੇਲਾ ਲੱਗਦਾ ਹੈ। ਚੇਤ ਵਦੀ ਪਹਿਲੀ ਨੂੰ ਆਨੰਦਪੁਰ ਸਾਹਿਬ ਵਿਖੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ-ਮੁਹੱਲੇ ਦਾ ਮੇਲਾ ਲੱਗਦਾ ਹੈ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿੰਘਾਂ ਨੂੰ ਯੁੱਧ-ਵਿੱਦਿਆ ਵਿਚ ਨਿਪੁੰਨ ਕਰਨ ਲਈ ਉਨ੍ਹਾਂ ਦੇ ਮੁਕਾਬਲਿਆਂ ਦੇ ਰੂਪ ਵਿਚ ਸ਼ੁਰੂ ਕੀਤਾ ਸੀ। ਤਰਨ ਤਾਰਨ ਵਿਖੇ ਹਰ ਮੱਸਿਆ ਨੂੰ ਲੱਗਣ ਵਾਲੇ ਮੇਲੇ ਵਿਚ ਲੋਕ ਭਾਰੀ ਗਿਣਤੀ ਵਿਚ ਪਹੁੰਚਦੇ ਹਨ। ਇਨ੍ਹਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਮੋਰਿੰਡਾ, ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਵਿਚ ਜੋੜ-ਮੇਲੇ ਲਗਦੇ ਹਨ। (172 ਸ਼ਬਦ)

## ਅਭਿਆਸ 28

ਜੈਪੁਰ, ਭਾਰਤੀ ਸੂਬੇ ਰਾਜਸਥਾਨ ਦੀ ਰਾਜਧਾਨੀ ਅਤੇ ਸਭ ਤੋਂ ਵੱਡਾ ਸ਼ਹਿਰ ਹੈ। ਇਸ ਸ਼ਹਿਰ ਦੀ ਸਥਾਪਨਾ 18 ਨਵੰਬਰ 1727 ਨੂੰ ਮਹਾਰਾਜਾ ਸਵਾਈ ਜੈ ਸਿੰਘ ਦੂਜਾ, ਜੋ ਕਿ ਅੰਬੇਰ ਦਾ ਸ਼ਾਸਕ ਸੀ, ਵੱਲੋਂ ਹੋਈ ਜਿਸ ਪਿੱਛੋਂ ਇਸ ਦਾ ਨਾਂ ਪਿਆ ਹੈ। ਇਸ ਦੀ ਅਜੋਕੀ ਅਬਾਦੀ ਲਗਭਗ 31 ਲੱਖ ਹੈ। ਇਸਨੂੰ ਗੁਲਾਬੀ ਸ਼ਹਿਰ ਅਤੇ ਭਾਰਤ ਦਾ ਪੈਰਿਸ ਵੀ ਕਿਹਾ ਜਾਂਦਾ ਹੈ। ਜੈਪੁਰ ਰਾਜਸਥਾਨ ਦਾ ਸੁੰਦਰ ਸ਼ਹਿਰ ਹੋਣ ਕਾਰਨ ਸੈਰ ਸ਼ਫ਼ਰ ਲਈ ਵੀ ਜਾਣਿਆ ਜਾਂਦਾ ਹੈ। ਜੈਪੁਰ ਭਾਰਤ ਦੇ ਪੁਰਾਤਨ ਸੱਭਿਆਚਾਰ ਦਾ ਗੜ੍ਹ ਹੈ। ਇੱਥੋਂ ਦੇ ਮਹਿਲਾਂ, ਕਿਲ੍ਹੇ ਅਤੇ ਆਰਟ ਗੈਲਰੀ ਵਿੱਚ ਰੱਖੀਆਂ ਪੁਰਾਤਨ ਵਸਤੂਆਂ ਤੋਂ ਉਸ ਸਮੇਂ ਦੇ ਰਾਜਿਆਂ ਅਤੇ ਆਮ ਲੋਕਾਂ ਦੀ ਜ਼ਿੰਦਗੀ ਬਾਰੇ ਸਹਿਜ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਜੈਪੁਰ ਸ਼ਹਿਰ ਨੂੰ 18 ਨਵੰਬਰ 1727 ਨੂੰ ਮਹਾਰਾਜਾ ਸਵਾਈ ਜੈ ਸਿੰਘ ਦੂਜਾ ਨੇ ਵਸਾਇਆ। ਆਮੇਰ ਕਿਲ੍ਹਾ 1688 ਤੋਂ 1743 ਤੱਕ ਰਾਜਾ ਜੈ ਸਿੰਘ ਦੂਜਾ ਦੀ ਹਕੂਮਤ ਅਧੀਨ ਰਿਹਾ। ਜੈ ਸਿੰਘ ਦੂਜਾ ਨੇ ਵੱਧਦੀ ਹੋਈ ਆਬਾਦੀ ਅਤੇ ਪਾਣੀ[2] ਦੀ ਘਾਟ ਨੂੰ ਧਿਆਨ ਵਿੱਚ ਰਖਦੀਆ ਆਪਣੀ ਰਾਜਧਾਨੀ ਦਾਓਸਾ ਜਿਹੜੀ ਕੀ ਜੈਪੁਰ ਤੋਂ 51 ਕਿਲੋ ਮੀਟਰ ਦੂਰ ਸੀ ਨੂੰ ਬਦਲਣ ਦੀ ਯੋਜਨਾ ਬਣਾਈ। ਜੈ ਸਿੰਘ ਜੈਪੁਰ ਦਾ ਨਕਸ਼ਾ ਤਿਆਰ ਕਰਦਿਆਂ ਸ਼ਿਲਪਕਾਰੀ ਅਤੇ ਸ਼ਿਲਪਕਾਰਾਂ ਦੀਆ ਬਹੁਤ ਸਾਰੀਆਂ ਕਿਤਾਬਾਂ ਤੇ ਵਿਚਾਰ ਵਟਾਂਦਰਾ ਕੀਤਾ। ਜੈਪੁਰ ਦੀ ਸ਼ਿਲਪਕਾਰੀ ਵਾਸਤੂ ਸ਼ਾਸਤਰ ਅਤੇ ਸ਼ਿਲਪ ਸ਼ਾਸਤਰ ਉੱਤੇ ਆਧਾਰਿਤ ਹੈ। ਜੈਪੁਰ ਸ਼ਹਿਰ ਦੀ ਉਸਾਰੀ ਦਾ ਕੰਮ 1727 ਈ ਨੂੰ ਸੁਰੂ ਹੋਇਆ। ਮੁੱਖ ਰਸਤਿਆਂ, ਦਫਤਰਾਂ ਅਤੇ ਮੁੱਖ ਥਾਵਾਂ ਦੀ ਉਸਾਰੀ ਦਾ ਕੰਮ 4 ਸਾਲਾਂ ਵਿੱਚ ਮੁਕੰਮਲ ਹੋਇਆ। ਸ਼ਹਿਰ ਨੂੰ ਚਾਰ ਬਲਾਕਾਂ ਵਿੱਚ ਵੰਡਿਆ ਗਿਆ। ਜਿਨ੍ਹਾਂ ਵਿੱਚ ਦੋ ਬਲਾਕ ਰਾਜ ਇਮਾਰਤਾਂ ਅਤੇ ਥਾਵਾਂ ਲਈ ਸ਼ਨ ਅਤੇ ਸੱਤ ਨੂੰ ਲੋਕਾਂ ਵਸੇਵੇ ਲਈ ਰੱਖਿਆ ਗਿਆ। ਇਸਦੀ ਸੁਰੱਖਿਆ ਦੇ ਪੱਖ ਤੋਂ ਵੱਖ ਵੱਖ ਸੱਤ ਦਰਵਾਜਿਆਂ ਨਾਲ ਕਿਲੇਬੰਦੀ ਕੀਤੀ ਗਈ।

ਜੈਪੁਰ ਵਿੱਚ ਅੱਧ ਖੁਸ਼ਕ ਮੌਸਮ ਹੁੰਦਾ ਹੈ। ਕੋੱਪੇਨ ਕਲਾਇਮੇਟ ਕਲੱਸੀਫ਼ਿਕੇਸ਼ਨ ਦੇ ਅਨੁਮਾਨ ਅਨੁਸਾਰ ਜੂਨ ਅਤੇ ਸਤੰਬਰ ਵਿੱਚ ਅਨੁਮਾਨਿਤ ਬਾਰਿਸ਼ 650 ਮਿਲੀ ਮੀਟਰ (26 ਇੰਚ) ਮਾਪੀ ਗਈ ਹੈ। ਸਾਰਾ ਸਾਲ ਤਾਪਮਾਨ ਇਕੋ ਜਿਹਾ ਅਤੇ ਗਰਮ ਹੀ ਰਹਿੰਦਾ ਹੈ। ਅਪ੍ਰੈਲ ਅਤੇ ਜੁਲਾਈ ਵਿੱਚ ਗਰਮ ਰੁਤ ਦੌਰਾਨ ਦਿਨ ਦਾ ਤਾਪਮਾਨ 30° ਦੇ ਲਗਭਗ ਅਤੇ ਮਾਨਸੂਨ ਦੌਰਾਨ ਭਾਰੀ ਅਤੇ ਤੁਫਾਨੀ ਬਾਰਿਸ਼ ਹੁੰਦੀ ਹੈ, ਪਰ ਹੜ ਵਾਲੇ ਹਾਲਾਤ ਇਕੋ ਜਿਹੇ ਨਹੀਂ ਹੁੰਦੇ। ਸਰਦ ਰੁਤ ਦਾ ਮੌਸਮ ਸੋਹਣਾ, ਖੁਸ਼ਨੁਮਾ ਅਤੇ ਰੁਮਾਂਚਕ ਜਿਹਾ ਹੁੰਦਾ ਹੈ। ਨਵੰਬਰ ਤੋਂ ਫਰਵਰੀ ਤੱਕ ਤਾਪਮਾਨ 15–18° ਦੇ ਲਗਭਗ ਹੁੰਦਾ ਹੈ। ਹਵਾ ਵਿੱਚ ਨਮੀ ਬਹੁਤ ਘੱਟ ਅਤੇ ਕਦੇ ਕਦੇ ਠੰਡੀਆਂ ਤਰੰਗਾਂ ਕਰਨ ਤਾਪਮਾਨ ਬਹੁਤ ਜਿਆਦਾ ਠੰਡਾ ਹੋ ਜਾਂਦਾ ਹੈ।

ਜੈਪੁਰ ਭਾਰਤ ਦਾ ਮੁੱਖ ਸੈਰ ਸਫਰ ਵਾਲੀ ਥਾਂ ਹੈ ਅਤੇ ਗੋਲਡਨ ਟ੍ਰਾਈਏਂਗਲ ਦਾ ਹਿੱਸਾ ਹੈ। 2008 ਦੇ ਕੋਂਡੇ ਨਾਸਟ ਟ੍ਰੈਵਲਿੰਗ ਰੀਡਰਸ ਚੋਇਸ ਸਰਵੇ ਅਨੁਸਾਰ ਜੈਪੁਰ ਏਸਿਆ ਦੀਆ ਸੱਤ ਮੁੱਖ ਥਾਵਾਂ ਵਿੱਚ ਚੁਣਿਆ ਗਿਆ। 2015 ਵਿੱਚ ਟਿਪ ਅਡਵਾਇਜਰਸ ਚੋਇਸ ਅਵਾਰਡ ਵਲੋਂ ਜੈਪੁਰ ਭਾਰਤ ਦੀਆ ਸੈਰ ਸਪਾਟੇ ਵਾਲਿਆਂ ਮੁੱਖ ਥਾਵਾਂ ਵਿੱਚ ਪਹਿਲੇ ਦਰਜੇ ਵਿੱਚ ਚੁਣਿਆ ਗਿਆ। ਯਾਤਰੀਆਂ ਲਈ ਹਵਾ ਮਹਿਲ , ਜਲ ਮਹਿਲ , ਸਿਟੀ ਪੈਲੇਸ, ਜੈਪੁਰ, ਆਮੇਰ ਕਿਲ੍ਹਾ, ਜੰਤਰ ਮੰਤਰ, ਕਿਲ੍ਹਾ ਜੈ-ਗੜ੍ਹ, ਅਲਬਰਟ ਹਾਲ ਮਿਊਜ਼ੀਅਮ, ਨਾਹਰਗੜ੍ਹ ਕਿਲ੍ਹਾ, ਗੱਤਾਜੀ, ਗੋਵਿੰਦ ਦੇਵ ਜੀ ਮੰਦਿਰ, ਗੜ ਗਣੇਸ਼ ਮੰਦਿਰ, ਸ਼੍ਰੀ ਕਾਲੀ ਮੰਦਿਰ, ਬਿਰਲਾ ਮੰਦਿਰ, ਸੰਗਨੇਰੀ ਗੇਟ, ਅਤੇ ਜੈਪੁਰ ਚਿੜੀਆਂ ਘਰ। ਜੰਤਰ ਮੰਤਰ ਇੱਕ ਵਰਲਡ ਹੈਰੀਟੇਜ ਸਾਇਟ ਹੈ। ਹਵਾ ਮਹਿਲ ਵਿੱਚ ਪੰਜ ਮੰਜਲੀ ਪਿਰਾਮੰਡ ਬਣਤਰ ਦੇ ਪਹਾੜ ਹਨ। ਜਿਸਦੀ ਉਚਾਈ 15 ਮੀਟਰ (50 ਫੁੱਟ) ਹੈ। ਸੀਸੋਡਿਆ ਰਾਨੀ ਬਾਗ਼ ਅਤੇ ਕਣਕ ਵ੍ਰਿੰਦਵਾਨ ਜੈਪੁਰ ਦੀਆ ਮੁੱਖ ਪਾਰਕਾਂ ਹਨ। ਜੈਪੁਰ ਦੀਆ ਮੁੱਖ ਖਾਣੀਆ ਵਿੱਚ ਦਾਲ ਬਾਟੀ ਚੂਰਮਾ, ਮਿੱਸੀ ਰੋਟੀ, ਗੱਟੇ ਕੀ ਸਬਜ਼ੀ, ਕਰ ਸੰਗਰੀ, ਬਾਜਰੇ ਕੀ ਰੋਟੀ, ਮਿੱਠੇ ਖਾਣੀਆ ਵਿੱਚ ਘੇਵਰ, ਫੈਨੀ, ਮਾਵਾਂ ਕਚੋਰੀ, ਗਚਕ, ਚੌਗੁਣੀ ਕੇ ਲੱਡੂ, ਮੂੰਗ ਦਾਲ। ਇਸ ਲਈ ਇਹ ਸ਼ਹਿਰ ਭਾਰਤੀ ਦੀ ਅਨਮੋਲ ਵਿਰਾਸਤ ਦਾ ਪ੍ਰਦਰਸ਼ਕ ਹੈ। ਜਿਥੇ ਅਸੀਂ ਭਾਰਤ ਦੇ ਪੁਰਾਣੇ ਅਤੇ ਅਮੀਰ ਵਿਰਸੇ ਦੀ ਝਾਤ ਵੇਖ ਸਕਦੇ ਹਾਂ। ਸੋ ਜਦੋਂ ਵੀ ਕਿਤੇ ਸਮਾਂ ਮਿਲੇ ਇਸ ਸ਼ਹਿਰ ਦੀ ਸੈਰ ਜਰੂਰ ਕਰਕੇ ਆਓ। (575 ਸ਼ਬਦ)

## ਅਭਿਆਸ 12.

ਐਲਬਰਟ ਆਈਨਸਟਾਈਨ ਇੱਕ ਸਿਧਾਂਤਕ ਭੌਤਿਕ ਵਿਗਿਆਨੀ ਸੀ। ਉਹ ਸਭ ਤੋਂ ਜ਼ਿਆਦਾ ਸਾਪੇਖਤਾ ਦਾ ਸਿਧਾਂਤ ਅਤੇ ਪੁੰਜ ਊਰਜਾ ਸਮੀਕਰਣ ਜਿਸ ਨੂੰ ਥਿਊਰੀ ਆਫ ਰਿਲੇਟੀਵਿਟੀ ਵੀ ਕਿਹਾ ਜਾਂਦਾ ਹੈ, ਲਈ ਜਾਣਿਆ ਜਾਂਦਾ ਹੈ। ਉਸ ਨੂੰ ਸਿਧਾਂਤਕ ਭੌਤਿਕੀ, ਖਾਸਕਰ ਪ੍ਰਕਾਸ਼-ਬਿਜਲਈ ਪ੍ਰਭਾਵ ਦੀ ਖੋਜ ਲਈ 1921 ਵਿੱਚ ਨੋਬਲ ਪੁਰਸਕਾਰ ਪ੍ਰਦਾਨ ਕੀਤਾ ਗਿਆ ਸੀ। ਅਲਬਰਟ ਆਈਨਸਟਾਈਨ ਦਾ ਜਨਮ ਜਰਮਨੀ ਵਿੱਚ ਵੁਟੇਮਬਰਗ ਦੇ ਇੱਕ ਯਹੂਦੀ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਇੱਕ ਇੰਜੀਨੀਅਰ ਅਤੇ ਸੇਲਜਮੈਨ ਸਨ। ਉਨ੍ਹਾਂ ਦੀ ਮਾਂ ਪੌਲੀਨ ਆਈਨਸਟਾਈਨ ਸੀ। ਹਾਲਾਂਕਿ ਆਈਨਸਟਾਈਨ ਨੂੰ ਸ਼ੁਰੂ ਵਿੱਚ ਬੋਲਣ ਵਿੱਚ ਕਠਿਨਾਈ ਹੁੰਦੀ ਸੀ, ਲੇਕਿਨ ਉਹ ਪੜ੍ਹਾਈ ਵਿੱਚ ਅੱਵਲ ਆਉਂਦੇ ਸਨ। ਉਹ ਜਰਮਨ, ਇਟਾਲੀਅਨ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਰੱਖਦੇ ਸਨ। 1880 ਵਿੱਚ ਉਨ੍ਹਾਂ ਦਾ ਪਰਿਵਾਰ ਮਿਊਨਿਖ ਸ਼ਹਿਰ ਵਿੱਚ ਚਲਾ ਗਿਆ ਜਿੱਥੇ ਉਹ ਕੈਥੋਲਿਕ ਪਾਠਸ਼ਾਲਾ ਵਿੱਚ ਪੜ੍ਹਨ ਚਲੇ ਗਏ। ਆਪਣੀ ਮਾਂ ਦੇ ਕਹਿਣ ਤੇ ਉਹਨਾਂ ਸਾਰੰਗੀ ਸਿੱਖਣੀ ਸ਼ੁਰੂ ਤਾਂ ਕੀਤੀ ਪਰ ਉਹਨਾਂ ਨੂੰ ਇਹ ਕੰਮ ਪਸੰਦ ਨਾ ਆਇਆ ਪਰ ਉਹਨਾਂ ਨੂੰ ਮੋਜਾਰਟ ਦੇ ਸਾਰੰਗੀ ਸੰਗੀਤ ਵਿੱਚ ਬੜਾ ਮਜ਼ਾ ਆਉਂਦਾ ਸੀ।

ਬਰਨੀ ਵਿੱਚ ਨੌਕਰੀ ਦੇ ਸਮੇਂ ਹੀ ਉਨ੍ਹਾਂ ਨੇ ਬ੍ਰਹਿਮੰਡ ਦੀ ਬੁਝਾਰਤ ਖੋਲ੍ਹਣ ਲਈ ਇੱਕ ਹੱਲ ਲੱਭਿਆ ਅਤੇ ਸਵਿਟਜ਼ਰਲੈਂਡ ਦੀ ਇੱਕ ਪੱਤ੍ਰਿਕਾ 'ਐਨਾਲਸਿਜ਼ ਆਫ਼ ਫ਼ਿਜ਼ੀਕਸ' ਵਿੱਚ ਸੰਨ 1905 ਵਿੱਚ ਇੱਕ ਲੇਖ 'ਛੋਟੇ ਕਣਾਂ ਦੀ ਗਤੀ' ਦੇ ਸਿਰਲੇਖ ਹੇਠਾਂ ਪ੍ਰਕਾਸ਼ਿਤ ਕਰਵਾਇਆ। ਇਸ ਲੇਖ ਦੇ ਛਪਣ ਉਪਰੰਤ ਆਈਨਸਟਾਈਨ ਰਾਤੋ ਰਾਤ ਹੀ ਕਲਕਰੀ ਦੇ ਕੰਮ ਤੋਂ ਉੱਪਰ ਉੱਠ ਕੇ ਸੰਸਾਰ ਦੇ ਪ੍ਰਸਿੱਧ ਵਿਗਿਆਨੀ ਬਣ ਗਏ। 26 ਸਾਲ ਦੀ ਉਮਰ ਵਿੱਚ ਉਨ੍ਹਾਂ ਪੁਲਾੜੀ ਇਕਸਾਰਤਾ ਦੇ ਨੇਮ ਨੂੰ ਲੱਭਿਆ ਅਤੇ ਤਾਰਾ-ਮੰਡਲ ਦੀ ਬਣਾਵਟ ਅਤੇ ਚਾਲ ਦੀ ਘੋਖ ਕੀਤੀ। ਨਿਊਟਨ ਕਹਿੰਦਾ ਸੀ ਕਿ ਸੁਭਾਵਿਕ ਤੌਰ ਤੇ ਹਰੇਕ ਵਸਤੂ ਸਥਿਰ ਹੈ। ਇਸ ਦੇ ਉਲਟ ਆਈਨਸਟਾਈਨ ਨੇ ਕਿਹਾ ਕਿ ਸੁਭਾਵਿਕ ਤੌਰ ਤੇ ਹਰ ਇੱਕ ਸ਼ੈਅ ਹਮੇਸ਼ਾ ਚਲਦੀ ਰਹਿੰਦੀ ਹੈ। ਪੁਲਾੜ ਦੀਆਂ ਸਾਰੀਆਂ ਸ਼ਕਤੀਆਂ ਦੀ ਚਾਲ ਇੱਕ-ਦੂਜੀ ਨਾਲ ਸਬੰਧਤ ਹੈ। ਇਸ ਰੁਕਾਵਟ ਤੋਂ ਕੇਵਲ ਰੌਸ਼ਨੀ ਦੀ ਚਾਲ ਹੀ ਅੱਡ ਹੈ। ਉਨ੍ਹਾਂ ਇਹ ਵੀ ਸਾਬਿਤ ਕੀਤਾ ਕਿ ਦੋ ਬਿੰਦੂਆਂ ਦੇ ਵਿਚਕਾਰ ਸਭ ਤੋਂ ਛੋਟਾ ਰਾਹ ਇੱਕ ਸਿੱਧੀ ਲਕੀਰ ਦੀ ਬਜਾਏ ਇੱਕ ਤਿਰਛੀ ਲਕੀਰ ਵਰਗਾ ਹੁੰਦਾ ਹੈ। ਆਈਨਸਟਾਈਨ ਦੀਆਂ ਖੋਜਾਂ ਕਾਰਨ ਲੋਕਾਂ ਨੇ ਉਨ੍ਹਾਂ ਨੂੰ 'ਸ਼੍ਰੋਮਣੀ ਵਿਗਿਆਨੀ' ਦਾ ਖਿਤਾਬ ਦਿੱਤਾ। ਲੋਕਾਂ ਦਾ ਉਸ ਪ੍ਰਤੀ ਯਕੀਨ ਦਾ ਪਾਗਲਪਨ ਇਨ੍ਹਾਂ ਵਧ ਗਿਆ ਸੀ ਕਿ ਲੋਕ ਉਸ ਕੋਲ ਆਪਣੇ ਘਰਾਂ ਦੇ ਝਗੜਿਆਂ-ਝੇੜਿਆਂ ਦੇ ਹੱਲ ਲਈ ਵੀ ਆਉਣ ਲੱਗੇ। 1905 ਵਿੱਚ ਆਈਨਸਟਾਈਨ ਨੂੰ ਜ਼ਿਊਰਿਚ ਦੇ ਵਿਸ਼ਵ ਵਿਦਿਆਲੇ ਨੇ ਡਾਕਟਰੇਟ ਦੀ ਡਿਗਰੀ ਪ੍ਰਦਾਨ ਕੀਤੀ ਅਤੇ 1909 ਵਿੱਚ ਸਿਧਾਂਤਕ ਭੋਤਿਕ ਵਿਗਿਆਨ ਦਾ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਥੋੜ੍ਹੇ ਸਮੇਂ ਮਗਰੋਂ ਹੀ 1913 ਵਿੱਚ ਉਹ ਬਰਲਿਨ ਦੇ ਵਿਸ਼ਵ ਵਿਦਿਆਲੇ ਦੇ ਪ੍ਰੋਫੈਸਰ ਅਤੇ ਵਿਗਿਆਨ ਦੀ ਸ਼ਾਹੀ ਸੰਸਥਾ ਦੇ ਮੈਂਬਰ ਵੀ ਚੁਣੇ ਗਏ। ਆਈਨਸਟਾਈਨ ਇੱਕ ਮਹਾਨ ਸੋਚਵਾਨ ਸੀ। 1922 ਵਿੱਚ ਉਨ੍ਹਾਂ ਨੂੰ ਨੋਬਲ ਪੁਰਸਕਾਰ ਦੇ ਕੇ ਸਨਮਾਨਿਆ ਗਿਆ। ਨੋਬਲ ਪੁਰਸਕਾਰ ਦੇ ਨਾਲ ਮਿਲੀ ਇਨਾਮੀ ਰਾਸ਼ੀ ਵਿੱਚੋਂ ਅੱਧੀ ਰਾਸ਼ੀ ਉਨ੍ਹਾਂ ਨੇ ਦਾਨ ਕਰ ਦਿੱਤੀ ਸੀ। ਜ਼ਿੰਦਗੀ ਵਿੱਚ ਐਲਬਰਟ ਆਈਨਸਟਾਈਨ ਦੇ ਦੋ ਹੀ ਸ਼ੁਗਲ ਸਨ- ਗਣਿਤ, ਵਿਗਿਆਨ ਅਤੇ ਸੰਗੀਤ।

ਸੰਨ 1955 ਵਿੱਚ ਆਈਨਸਟਾਈਨ ਬਿਮਾਰ ਪੈ ਗਿਆ ਅਤੇ 18 ਅਪ੍ਰੈਲ ਵਾਲੇ ਦਿਨ ਇਸ ਸੰਸਾਰ ਯਾਤਰੀ ਦੇ ਦਲੇਰੀ ਭਰੇ ਸਫਰ ਦੀ ਸਮਾਪਤੀ ਹੋ ਗਈ। ਸਾਨੂੰ ਅਜਿਹੇ ਮਹਾਨ ਪੁਰਸ਼ਾਂ ਦੀ ਰਾਹ ਤੇ ਚੱਲਦਿਆਂ ਆਪਣੇ ਜੀਵਨ ਨੂੰ ਕੁਦਰਤ ਪ੍ਰਤੀ ਸਾਰਥਕ ਕੰਮ ਕਰਕੇ ਬਤੀਤ ਕਰਨਾ ਚਾਹੀਦਾ ਹੈ। (480 ਸ਼ਬਦ)

## ਅਭਿਆਸ 27

ਸਿੱਖਿਆ (ਭਾਰਤ) ਹਰੇਕ ਮਨੁੱਖ ਦਾ ਬੁਨਿਆਦੀ ਹੱਕ ਹੈ ।ਇਸ ਲਈ ਭਾਰਤ ਵਿੱਚ ਸਿੱਖਿਆ ਸਰਕਾਰੀ ਅਤੇ ਪ੍ਰਾਈਵੇਟ ਸੈਕਟਰ ਵੱਲੋ ਦਿੱਤੀ ਜਾਂਦੀ ਹੈ। ਸਰਕਾਰੀ ਸਿੱਖਿਆ ਦਾ ਰੱਖ-ਰਖਾਵ ਕੇਂਦਰ ਜਾਂ ਪ੍ਰਦੇਸ਼ਿਕ ਸਰਕਾਰਾਂ ਕਰਦੀਆਂ ਹਨ ਜਦੋਂ ਕਿ ਪ੍ਰਾਈਵੇਟ ਜਾਂ ਗੈਰ ਸਰਕਾਰੀ ਸੰਸਥਾਵਾਂ ਨੂੰ ਫੰਡ ਕੁਝ ਗਿਣਵੇਂ ਵਿਅਕਤੀ ਜਾਂ ਸੋਸਾਇਟੀ ਆਦਿ ਮੁਹੱਈਆ ਕਰਵਾਉਂਦੇ ਹਨ। ਵਰਤਮਾਨ ਸਮੇਂ ਵਿੱਚ ਸਰਕਾਰੀ ਸਿੱਖਿਆ ਅਣਗਹਿਲੀ ਦਾ ਸ਼ਿਕਾਰ ਹੈ ਇਸ ਕਰਕੇ ਮੌਜੂਦਾ ਹਾਲਾਤਾਂ ਵਿੱਚ ਪ੍ਰਾਈਵੇਟ ਸੈਕਟਰ ਦਾ ਸਿੱਖਿਆ ਦੇ ਖੇਤਰ ਵਿੱਚ ਦਬਦਬਾ ਦਿਨੋਂ-ਦਿਨ ਵੱਧਦਾ ਜਾ ਰਿਹਾ ਹੈ । ਕੇਂਦਰੀ ਮਾਨਵੀ ਸਰੋਤ ਵਿਕਾਸ ਇਸ ਦੀ ਨਿਗਰਾਨੀ ਕਰਦਾ ਹੈ। ਸੰਸਥਾ ਦਾ ਮਾਪਦੰਡ ਵਿਦਿਆਰਥੀ ਵੱਲੋ ਪ੍ਰਾਪਤ ਅੰਕ ਹੀ ਮੰਨੇ ਜਾਂਦੇ ਹਨ। ਜਾਂ ਕਈ ਸੰਸਥਾਵਾਂ ਵੱਲੋ ਗ੍ਰੇਡ ਸਿਸਟਮ ਸ਼ੁਰੂ ਕਿਤਾ ਗਿਆ ਹੈ। ਰਾਸ਼ਟਰੀ ਵਿਦਿਅਕ ਅਨੁਸੰਧਾਨ ਅਤੇ ਸਿਖਲਾਈ ਪਰਿਸ਼ਦ ਜਾਂ ਐਨ.ਸੀ.ਈ.ਆਰ.ਟੀ, ਭਾਰਤ ਸਰਕਾਰ ਦੁਆਰਾ ਸਥਾਪਤ ਸੰਸਥਾਨ ਹੈ ਜੋ ਵਿਦਿਆ ਲਈ ਸਿੱਖਿਆ ਨਾਲ ਜੁੜੇ ਮਾਮਲਿਆਂ ਤੇ ਕੇਂਦਰੀ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਨੂੰ ਸਲਾਹ ਦੇਣ ਦੇ ਉਦੇਸ਼ ਨਾਲ ਸਥਾਪਤ ਕੀਤੀ ਗਈ ਹੈ। ਇਹ ਪਰਿਸ਼ਦ ਭਾਰਤ ਵਿੱਚ ਸਕੂਲੀ ਸਿੱਖਿਆ ਸਬੰਧੀ ਨੀਤੀਆਂ ਤੇ ਕਾਰਜ ਕਰਦੀ ਹੈ।

ਵਰਤਮਾਨ ਸਿੱਖਿਆ ਢਾਂਚਾ ਵਿਦਿਆਰਥੀ ਦੀ ਪ੍ਰਤਿਭਾ ਨੂੰ ਉਭਾਰਨ ਦੀ ਥਾਂ ਉਸ ਨੂੰ ਸਿਲੇਬਸ ਦੇ ਭਾਰ ਹੇਠ ਦਬਾ ਰਿਹਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਨਿੱਜੀਕਰਨ ਤੇ ਉਦਾਰੀਕਰਨ ਦੀਆਂ ਸਰਕਾਰੀ ਨੀਤੀਆਂ ਦਾ ਲਾਹਾ ਲੈਂਦੇ ਹੋਏ ਵੱਡੇ ਕਾਰਪੋਰੇਟ ਤੇ ਸਨਅਤੀ ਘਰਾਣਿਆਂ ਨੇ ਨਿੱਜੀ ਯੂਨੀਵਰਸਿਟੀਆਂ, ਕਾਲਜ, ਕਿੱਤਾ ਸੰਸਥਾਵਾਂ ਅਤੇ ਕਾਨਵੈਂਟ ਸਕੂਲ ਖੋਲ੍ਹ ਕੇ ਸਿੱਖਿਆ ਖੇਤਰ ਵਿੱਚ ਵੀ ਪੈਰ ਪਸਾਰ ਲਏ ਹਨ। ਸਿੱਟੇ ਵਜੋਂ ਅੱਜ ਦੇਸ਼ ਦਾ ਸਮੁੱਚਾ ਸਿੱਖਿਆਤੰਤਰ ਡਗਮਗਾ ਗਿਆ ਹੈ। ਸਿੱਖਿਆ ਦਾ ਸਿਲੇਬਸ, ਪੁਸਤਕਾਂ, ਡਿਗਰੀਆਂ, ਕੋਰਸ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਕੋਈ ਇੱਕਸਾਰਤਾ ਨਹੀਂ ਰਹੀ। ਨਿੱਜੀ ਯੂਨੀਵਰਸਿਟੀਆਂ ਆਪਣੀ ਮਨਮਰਜ਼ੀ ਅਤੇ ਆਪਣੇ ਢੰਗ ਨਾਲ ਮਹਿੰਗੀ ਸਿੱਖਿਆ ਵੇਚ ਰਹੀਆਂ ਹਨ। ਸਮਰੱਥ ਲੋਕ ਆਪਣੇ ਬੱਚਿਆਂ ਨੂੰ ਮਹਿੰਗੀ ਉੱਚ ਸਿੱਖਿਆ ਦਿਵਾ ਕੇ ਬਾਹਰਲੇ ਮੁਲਕਾਂ ਵਿੱਚ ਭੇਜੀ ਜਾ ਰਹੇ ਹਨ ਜਾਂ ਇੱਥੇ ਹੀ ਐਡਜਸਟ ਕਰਵਾਉਣ ਵਿੱਚ ਸਫ਼ਲ ਹੋ ਜਾਂਦੇ ਹਨ। ਦੂਜੇ ਪਾਸੇ ਸਾਧਾਰਨ ਲੋਕ ਡਿਗਰੀਆਂ ਹੱਥਾਂ ਵਿੱਚ ਫੜੀ ਬੇਰੁਜ਼ਗਾਰੀ ਦੇ ਆਲਮ ਵਿੱਚ ਮਾਨਸਿਕ ਰੋਗੀ ਬਣਦੇ ਜਾ ਰਹੇ ਹਨ। ਭਾਰਤ ਦੇ ਸਿੱਖਿਆ ਸ਼ਾਸਤਰੀਆਂ ਨੂੰ ਦੇਸ਼ ਦੇ ਭਵਿੱਖ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਵਰਤਮਾਨ ਦਸ਼ਾ ਵੱਲ ਸੰਜੀਦਗੀ ਨਾਲ ਧਿਆਨ ਦੇਣ ਦੀ ਲੋੜ ਹੈ। ਪੜ੍ਹਾਈ ਦੇ ਸਿਲੇਬਸ, ਪੁਸਤਕਾਂ ਅਤੇ ਸਿੱਖਿਆ ਪ੍ਰਣਾਲੀ ਵਿੱਚ ਇੱਕਸਾਰਤਾ ਹੋਣੀ ਬਹੁਤ ਜ਼ਰੂਰੀ ਹੈ। ਵਿਦਿਆਰਥੀਆਂ ਦੀ ਰੁਚੀ ਅਤੇ ਪ੍ਰਤਿਭਾ ਅਨੁਸਾਰ ਵੱਖ-ਵੱਖ ਵਿਸ਼ਿਆਂ ਅਤੇ ਵਿਸ਼ੇਸ਼ ਅਦਾਰਿਆਂ ਵਿੱਚ ਦਾਖ਼ਲੇ ਲਈ ਨੰਬਰਾਂ ਦੀ ਥਾਂ ਨਵੇਂ ਵਿਗਿਆਨਕ ਮਾਪਦੰਡ ਸਿਰਜਣ ਦੀ ਲੋੜ ਹੈ। ਸਿੱਖਿਆ ਦੇ ਨਿੱਜੀਕਰਨ ਅਤੇ ਵਪਾਰੀਕਰਨ ਦੇ ਏਜੰਡੇ ਨੂੰ ਮੁੜ ਵਿਚਾਰਨਾ ਅਤੇ ਪੜਚੋਲਣਾ ਚਾਹੀਦਾ ਹੈ। ਸਭ ਲਈ ਰੁਜ਼ਗਾਰ-ਪੱਖੀ ਸਿੱਖਿਆ ਦੇ ਉਦੇਸ਼ ਨੂੰ ਮੁੱਖ ਰੱਖ ਕੇ ਸਮੁੱਚੀ ਸਿੱਖਿਆ ਨੀਤੀ ਨੂੰ ਮੁੜ ਵਿਉਂਤੇ ਜਾਣਾ ਸਮੇਂ ਦੀ ਲੋੜ ਹੈ।

ਵਰਤਮਾਨ ਸਿੱਖਿਆ ਢਾਂਚਾ ਵਿਦਿਆਰਥੀ ਦੀ ਪ੍ਰਤਿਭਾ ਨੂੰ ਉਭਾਰਨ ਦੀ ਥਾਂ ਉਸ ਨੂੰ ਸਿਲੇਬਸ ਦੇ ਭਾਰ ਹੇਠ ਦਬਾ ਰਿਹਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਨਿੱਜੀਕਰਨ ਤੇ ਉਦਾਰੀਕਰਨ ਦੀਆਂ ਸਰਕਾਰੀ ਨੀਤੀਆਂ ਦਾ ਲਾਹਾ ਲੈਂਦੇ ਹੋਏ ਵੱਡੇ ਕਾਰਪੋਰੇਟ ਤੇ ਸਨਅਤੀ ਘਰਾਣਿਆਂ ਨੇ ਨਿੱਜੀ ਯੂਨੀਵਰਸਿਟੀਆਂ, ਕਾਲਜ, ਕਿੱਤਾ ਸੰਸਥਾਵਾਂ ਅਤੇ ਕਾਨਵੈਂਟ ਸਕੂਲ ਖੋਲ੍ਹ ਕੇ ਸਿੱਖਿਆ ਖੇਤਰ ਵਿੱਚ ਵੀ ਪੈਰ ਪਸਾਰ ਲਏ ਹਨ। ਸਿੱਖਿਆ ਦਾ ਸਿਲੇਬਸ, ਪੁਸਤਕਾਂ, ਡਿਗਰੀਆਂ, ਕੋਰਸ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਕੋਈ ਇੱਕਸਾਰਤਾ ਨਹੀਂ ਰਹੀ। ਨਿੱਜੀ ਯੂਨੀਵਰਸਿਟੀਆਂ ਆਪਣੀ ਮਨਮਰਜ਼ੀ ਅਤੇ ਆਪਣੇ ਢੰਗ ਨਾਲ ਮਹਿੰਗੀ ਸਿੱਖਿਆ ਵੇਚ ਰਹੀਆਂ ਹਨ। ਸਮਰੱਥ ਲੋਕ ਆਪਣੇ ਬੱਚਿਆਂ ਨੂੰ ਮਹਿੰਗੀ ਉੱਚ ਸਿੱਖਿਆ ਦਿਵਾ ਕੇ ਬਾਹਰਲੇ ਮੁਲਕਾਂ ਵਿੱਚ ਭੇਜੀ ਜਾ ਰਹੇ ਹਨ। ਦੂਜੇ ਪਾਸੇ ਸਾਧਾਰਨ ਲੋਕ ਡਿਗਰੀਆਂ ਹੱਥਾਂ ਵਿੱਚ ਫੜੀ ਬੇਰੁਜ਼ਗਾਰੀ ਦੇ ਆਲਮ ਵਿੱਚ ਮਾਨਸਿਕ ਰੋਗੀ ਬਣਦੇ ਜਾ ਰਹੇ ਹਨ। ਦੇ ਸਿੱਖਿਆ ਸ਼ਾਸਤਰੀਆਂ ਨੂੰ ਦੇਸ਼ ਦੇ ਭਵਿੱਖ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਵਰਤਮਾਨ ਦਸ਼ਾ ਵੱਲ ਸੰਜੀਦਗੀ ਨਾਲ ਧਿਆਨ ਦੇਣ ਦੀ ਲੋੜ ਹੈ। (529 ਸ਼ਬਦ)

**ਅਭਿਆਸ 13**

ਕਾਮਾਗਾਟਾਮਾਰੂ ਬਿਰਤਾਂਤ ਇੱਕ ਜਾਪਨੀ ਬੇੜੇ, ਕਾਮਾਗਾਟਾਮਾਰੂ ਦਾ ਦੁਖਾਂਤ ਵਾਕਿਆ ਹੈ ਜੋ 1914 ਵਿੱਚ ਪੰਜਾਬ, ਭਾਰਤ ਤੋਂ 276 ਮੁਸਾਫਰ ਲੈ ਕੇ ਹਾਂਗਕਾਂਗ, ਸ਼ੰਘਾਈ, ਚੀਨ ਤੋਂ ਰਵਾਨਾ ਹੋ ਕੇ ਯੋਕੋਹਾਮਾ, ਜਪਾਨ ਵਿੱਚੋਂ ਲੰਘਦਿਆਂ ਹੋਇਆਂ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵੱਲ ਗਿਆ। ਇਹਨਾਂ ਵਿੱਚੋਂ 24 ਨੂੰ ਕੈਨੇਡਾ ਵਿੱਚ ਦਾਖ਼ਲਾ ਦੇ ਦਿੱਤਾ ਗਿਆ ਜਦਕਿ ਬਾਕੀ 352 ਮੁਸਾਫ਼ਰਾਂ ਨੂੰ ਕੈਨੇਡਾ ਦੀ ਧਰਤੀ ਉੱਤੇ ਉੱਤਰਨ ਨਾ ਦਿੱਤਾ ਗਿਆ ਅਤੇ ਜਹਾਜ਼ ਨੂੰ ਭਾਰਤ ਪਰਤਣ ਲਈ ਮਜ਼ਬੂਰ ਕੀਤਾ ਗਿਆ। ਮੁਸਾਫ਼ਰਾਂ ਵਿੱਚ 340 ਸਿੱਖ, 24 ਮੁਸਲਮਾਨ, ਅਤੇ 12 ਹਿੰਦੂ ਸ਼ਾਮਲ ਸਨ ਜੋ ਸਭ ਬਰਤਾਨਵੀ ਰਾਜ ਅਧੀਨ ਸਨ। ਇਹ 20ਵੀਂ ਸਦੀ ਦੇ ਇਤਿਹਾਸ ਦੇ ਸ਼ੁਰੂਆਤੀ ਦੌਰ ਦੇ ਉਹਨਾਂ ਬਿਰਤਾਂਤਾਂ 'ਚੋਂ ਇੱਕ ਹੈ ਜਿਸ ਵਿੱਚ ਕੈਨੇਡਾ ਅਤੇ ਸੰਯੁਕਤ ਰਾਜ ਵਿੱਚ ਉਲੀਕੇ ਗਏ ਅਲਿਹਦਗੀ ਪਸੰਦ ਕਾਨੂੰਨਾਂ ਦੇ ਆਧਾਰ ਉੱਤੇ ਸਿਰਫ਼ ਏਸ਼ੀਆਈ ਪ੍ਰਵਾਸੀਆਂ ਨੂੰ ਇਸ ਧਰਤੀ ਤੋਂ ਬਾਹਰ ਰੱਖਿਆ ਜਾਂਦਾ ਸੀ।

ਕੈਨੇਡਾ ਸਰਕਾਰ ਨੇ ਇੱਕ ਨਵਾਂ ਕਾਨੂੰਨ ਪਾਸ ਕੀਤਾ ਸੀ ਕਿ ਸਿਰਫ਼ ਸਿੱਧੇ ਕੈਨੇਡਾ ਪੁੱਜਣ ਵਾਲੇ ਮੁਸਾਫ਼ਰਾਂ ਨੂੰ ਹੀ ਕੈਨੇਡਾ ਵਿੱਚ ਉਤਰਨ ਅਤੇ ਰਹਿਣ ਦੀ ਇਜਾਜ਼ਤ ਮਿਲੇਗੀ। ਇਸ ਮਸਲੇ ਨੂੰ ਹੱਲ ਕਰਨ ਲਈ ਗੁਰਦਿੱਤ ਸਿੰਘ ਸਰਹਾਲੀ ਨੇ ਇੱਕ ਜਾਪਾਨੀ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਕਿਰਾਏ ਤੇ ਲਿਆ ਤਾਂ ਜੋ ਕਾਨੂੰਨੀ ਅੜਚਣ ਨੂੰ ਦੂਰ ਕੀਤਾ ਜਾ ਸਕੇ। ਇਹ ਜਹਾਜ਼ 29 ਮਾਰਚ 1914 ਨੂੰ ਸਿੱਧੇ ਕੈਨੇਡਾ ਪਹੁੰਚਣਾ ਸੀ। ਪਰ ਰਸਤੇ ਵਿੱਚ ਦੇਰ ਹੋਣ ਕਾਰਨ ਇਹ ਜਹਾਜ਼ 22 ਮਈ 1914 ਨੂੰ ਵੈਨਕੂਵਰ ਪਹੁੰਚਿਆ। ਕੈਨੇਡਾ ਦੇ ਨਸਲੀ ਹਾਕਮਾਂ ਨੇ ਇੰਜ ਸਿੱਧੇ ਪੁੱਜੇ ਮੁਸਾਫ਼ਰਾਂ ਨੂੰ ਵੀ ਉਤਰਨ ਦੀ ਇਜਾਜ਼ਤ ਨਾ ਦਿੱਤੀ। ਕਾਫ਼ੀ ਲੰਮੇ ਜਦੋ-ਜਹਿਦ ਮਗਰੋਂ ਵੀ ਜਦੋਂ ਇਜਾਜ਼ਤ ਨਾ ਮਿਲੀ ਤਾਂ ਸਿੱਖ ਵੀ ਡੱਟ ਗਏ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ ਉੱਤੇ ਫਾਇਰਿੰਗ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿੱਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦਵਾਰਾ ਸਾਹਿਬ ਵਿੱਚ ਇੱਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇਕਰ ਜਹਾਜ਼ ਉੱਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ। ਸਿੱਖਾਂ ਦੇ ਇਸ ਐਲਾਨਨਾਮੇ ਤੋਂ ਸਰਕਾਰ ਡਰ ਗਈ। ਹੁਣ ਸਰਕਾਰ ਨੇ ਸਿੱਖ ਆਗੂਆਂ ਨਾਲ ਮੁੜ ਗੱਲਬਾਤ ਕੀਤੀ। ਜਹਾਜ਼ ਵਿਚਲੇ ਸਿੱਖ ਵੀ ਇੱਕ ਹੋਰ ਨਵੇਂ ਬਣੇ ਕਾਨੂੰਨ ਦੀ ਚਾਲਾਕੀ ਵਿਰੁੱਧ ਟੱਕਰ ਲੈਣ ਦੀ ਬਜਾਏ ਵਾਪਸ ਪੰਜਾਬ ਮੁੜਨ ਵਾਸਤੇ ਰਾਜ਼ੀ ਹੋ ਗਏ। ਕੈਨੇਡਾ ਸਰਕਾਰ ਨੇ ਵੀ ਜਹਾਜ਼ ਨੂੰ ਤੇਲ ਤੇ ਖਾਣ-ਪੀਣ ਦਾ ਸਮਾਨ ਲੈਣ ਦੀ ਇਜਾਜ਼ਤ ਦੇ ਦਿਤੀ। ਅਖ਼ੀਰ 23 ਜੁਲਾਈ ਨੂੰ ਜਹਾਜ਼ ਕਲਕੱਤੇ ਨੂੰ ਵਾਪਸ ਮੁੜ ਪਿਆ। ਦੋ ਮਹੀਨੇ ਦੇ ਸਫ਼ਰ ਮਗਰੋਂ ਜਾਹਜ਼ 26 ਸਤੰਬਰ 1914 ਨੂੰ ਕਿਲਪੀ ਪਹੁੰਚਿਆ। ਉਥੇ ਇਸ ਦੀ ਪੂਰੀ ਤਰਾਂ ਤਲਾਸ਼ੀ ਲਈ ਗਈ। 29 ਸਤੰਬਰ 1914 ਨੂੰ ਜਦੋਂ ਕਾਮਾਗਾਟਾਮਾਰੂ ਜਹਾਜ਼ ਬਜਬਜ ਘਾਟ ਪਹੁੰਚਿਆ ਤਾਂ ਇੱਕ ਸਪੈਸ਼ਲ ਗੱਡੀ ਮੁਸਾਫ਼ਰਾਂ ਨੂੰ ਉਥੋਂ ਲੈਣ ਵਾਸਤੇ ਖੜੀ ਸੀ ਪਰ ਸੰਗਤ ਨੇ ਇੱਦਾਂ ਜਾਣਾ ਮਨਜ਼ੂਰ ਨਾ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਜਲੂਸ ਬਣਾ ਕੇ ਤੁਰ ਪਏ। ਇਸ ਉੱਤੇ ਪੁਲਿਸ ਨੇ ਮੁਸਾਫ਼ਰਾਂ ਉਤੇ ਗੋਲੀਬਾਰੀ ਕਰ ਦਿੱਤੀ ਮਗਰੋਂ ਪੁਲਿਸ ਨੇ ਮੁਸਾਫ਼ਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤਰ੍ਹਾਂ ਨਾਲ ਹਿਰਦੇ ਨੂੰ ਵਲੂੰਧਰਣ ਵਾਲੀ ਘਟਨਾ ਵਾਪਰੀ। ਜਿਸ ਵਿੱਚ ਨਿਰਦੋਸ਼ੇ ਲੋਕਾਂ ਉਪਰ ਅੰਨ੍ਹੇਵਾਹ ਗੋਲੀ ਚਲਾਈ ਗਈ ਸੀ। ਅਤੇ ਬੀਤੇ ਦਿਨੀਂ ਇਸ ਘਟਨਾ ਦੇ 102 ਸਾਲ ਬਾਅਦ ਕੈਨੇਡਾ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ ਕਾਮਨ ਵਿੱਚ ਆਪਣੇ ਪੁਰਖਿਆਂ ਦੀ ਥਾਂ ਤੇ ਮਾਫੀਨਾਮਾ ਦਿੱਤਾ ਗਿਆ। ਜਿਸ ਵਿੱਚ ਲਿਖਿਆ ਸੀ ਕਿ ਕੈਨੇਡਾ ਜੋ ਹੁਣ ਹੈ ਉਹ ਸਿੱਖ ਕੌਮ ਦੇ ਪੰਜਾਬੀ ਲੋਕਾਂ ਸਦਕੇ ਹੀ ਹੈ ਜੋ ਕਿ ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ। (504 ਸ਼ਬਦ)

## ਅਭਿਆਸ 26

ਭਾਰਤ, ਸੰਸਦੀ ਪ੍ਰਣਾਲੀ ਦੀ ਸਰਕਾਰ ਵਾਲਾ ਇੱਕ ਆਜਾਦ, ਪ੍ਰਭੁਸੱਤਾਸੰਪੰਨ, ਸਮਾਜਵਾਦੀ ਲੋਕਤੰਤਰਾਤਮਕ ਲੋਕ-ਰਾਜ ਹੈ। ਇਹ ਲੋਕ-ਰਾਜ ਭਾਰਤ ਦੇ ਸੰਵਿਧਾਨ ਦੇ ਅਨੁਸਾਰ ਸ਼ਾਸਿਤ ਹੈ। ਭਾਰਤ ਦਾ ਸੰਵਿਧਾਨ ਸੰਵਿਧਾਨ ਸਭਾ ਦੁਆਰਾ 26 ਨਵੰਬਰ 1949 ਨੂੰ ਪਾਰਿਤ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਹੋਇਆ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਮੰਤਰੀ ਪਰਿਸ਼ਦ ਸਮੂਹਿਕ ਤੌਰ ਤੇ ਲੋਕ ਸਭਾ ਪ੍ਰਤੀ ਉੱਤਰਦਾਈ ਹੈ। ਹਰੇਕ ਰਾਜ ਵਿੱਚ ਇੱਕ ਵਿਧਾਨ ਸਭਾ ਹੈ। ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਪ੍ਰਦੇਸ਼ ਵਿੱਚ ਇੱਕ ਉੱਪਰੀ ਸਦਨ ਹੈ ਜਿਸਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਰਾਜਪਾਲ ਰਾਜ ਦਾ ਪ੍ਰਮੁੱਖ ਹੈ। ਹਰੇਕ ਰਾਜ ਦਾ ਇੱਕ ਰਾਜਪਾਲ ਹੋਵੇਗਾ ਅਤੇ ਰਾਜ ਦੀ ਕਾਰਜਕਾਰੀ ਸ਼ਕਤੀ ਉਸ ਕੋਲ ਹੋਵੇਗੀ। ਮੰਤਰੀ ਪਰਿਸ਼ਦ, ਜਿਸਦਾ ਪ੍ਰਮੁੱਖ ਮੁੱਖ ਮੰਤਰੀ ਹੈ, ਰਾਜਪਾਲ ਨੂੰ ਉਸਦੇ ਕਾਰਜਕਾਰੀ ਕੰਮਾਂ ਦੇ ਨਿਸ਼ਪਾਦਨ ਵਿੱਚ ਸਲਾਹ ਦਿੰਦੀ ਹੈ। ਰਾਜ ਦੀ ਮੰਤਰੀ ਪਰਿਸ਼ਦ ਸਮੂਹਕ ਤੌਰ ਤੇ ਰਾਜ ਦੀ ਵਿਧਾਨ ਸਭਾ ਦੇ ਪ੍ਰਤੀ ਉੱਤਰਦਾਈ ਹੈ।

ਸੰਵਿਧਾਨ ਦੀਆਂ ਸੱਤਵੀਂ ਅਨੁਸੂਚੀ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਅਵਸ਼ਿਸ਼ਟ ਸ਼ਕਤੀਆਂ ਸੰਸਦ ਕੋਲ ਹਨ। ਕੇਂਦਰੀ ਪ੍ਰਸ਼ਾਸਿਤ ਇਲਾਕਿਆਂ ਨੂੰ ਸੰਘ ਰਾਜ ਖੇਤਰ ਕਿਹਾ ਜਾਂਦਾ ਹੈ।ਭਾਰਤੀ ਸੰਸਦ (ਪਾਰਲੀਮੈਂਟ) ਭਾਰਤ ਦੀ ਸਰਬ-ਉਚ ਵਿਧਾਨਕ ਸਭਾ ਹੈ। ਭਾਰਤੀ ਸੰਸਦ ਵਿੱਚ ਰਾਸ਼ਟਰਪਤੀ ਅਤੇ ਦੋ ਸਦਨ - ਲੋਕ ਸਭਾ (ਲੋਕਾਂ ਦਾ ਸਦਨ) ਅਤੇ ਰਾਜ ਸਭਾ (ਰਾਜਾਂ ਦੀ ਪਰਿਸ਼ਦ) ਹੁੰਦੇ ਹਨ। ਰਾਸ਼ਟਰਪਤੀ ਦੇ ਕੋਲ ਸੰਸਦ ਦੇ ਦੋਨਾਂ ਵਿੱਚੋਂ ਕਿਸੇ ਵੀ ਸਦਨ ਨੂੰ ਬੁਲਾਣ ਜਾਂ ਸਥਗਿਤ ਕਰਨ ਅਤੇ ਲੋਕਸਭਾ ਨੂੰ ਭੰਗ ਕਰਨ ਦੀ ਸ਼ਕਤੀ ਹੈ। ਪਰ ਰਾਸ਼ਟਰਪਤੀ ਇਹਨਾਂ ਸ਼ਕਤੀਆਂ ਦੀ ਵਰਤੋਂ ਪ੍ਰਧਾਨਮੰਤਰੀ ਜਾਂ ਮੰਤਰੀ ਪਰਿਸ਼ਦ ਦੇ ਕਹਿਣ ਤੇ ਕਰਦਾ ਹੈ। ਭਾਰਤੀ ਸੰਸਦ ਦਾ ਸੰਚਾਲਨ ਸੰਸਦ ਭਵਨ ਵਿੱਚ ਹੁੰਦਾ ਹੈ, ਜੋ ਕਿ ਨਵੀਂ ਦਿੱਲੀ ਵਿੱਚ ਸਥਿਤ ਹੈ।ਲੋਕ ਸਭਾ ਵਿੱਚ ਰਾਸ਼ਟਰ ਦੀ ਜਨਤਾ ਦੁਆਰਾ ਚੁਣੇ ਹੋਏ ਪ੍ਰਤਿਨਿੱਧੀ ਹੁੰਦੇ ਹਨ ਜਿਹਨਾਂ ਦੀ ਗਿਣਤੀ 552 ਹੈ। ਰਾਜ ਸਭਾ ਇੱਕ ਸਥਾਈ ਸਦਨ ਹੈ ਜਿਸ ਵਿੱਚ ਮੈਂਬਰ ਗਿਣਤੀ 250 ਹੈ। ਰਾਜ ਸਭਾ ਦੇ ਮੈਬਰਾਂ ਚੋਣ 6 ਸਾਲ ਲਈ ਹੁੰਦੀ ਹੈ, ਜਿਸਦੇ ਇੱਕ ਤਿਹਾਈ ਮੈਂਬਰ ਹਰ 2 ਸਾਲ ਵਿੱਚ ਸੇਵਾਮੁਕਤ ਹੁੰਦੇ ਹਨ।

ਭਾਰਤੀ ਸੰਵਿਧਾਨ ਦੇ ਅਨੁਛੇਦ 79 ਅਨੁਸਾਰ ਭਾਰਤੀ ਸੰਸਦ ਵਿੱਚ ਦੋ ਸਦਨ, ਲੋਕ ਸਭਾ ਅਤੇ ਰਾਜ ਸਭਾ,ਅਤੇ ਰਾਸ਼ਟਰਪਤੀ ਸ਼ਾਮਿਲ ਹੁੰਦਾ ਹੈ। ਰਾਸ਼ਟਰਪਤੀ ਇਹਨਾਂ ਦੇ ਮੁੱਖੀ ਵੱਜੋਂ ਕੰਮ ਕਰਦਾ ਹੈ।ਰਾਸ਼ਟਰਪਤੀ ਰਾਜ ਦਾ ਮੁੱਖੀ ਅਤੇ ਸੈਨਾ ਦਾ ਸੁਪਰੀਮ ਕਮਾਂਡਰ ਹੁੰਦਾ ਹੈ। ਭਾਰਤੀ ਸੰਵਿਧਾਨ ਦੇ ਅਨੁਛੇਦ 54 ਅਨੁਸਾਰ ਰਾਸ਼ਟਰਪਤੀ ਦੀ ਚੋਣ ਲਈ ਦੋਵਾਂ ਸਦਨਾਂ ਦੇ ਮੈਂਬਰ ਅਤੇ ਰਾਜਾਂ ਦੀ ਅਸੈਂਬਲੀ ਦੇ ਮੈਂਬਰ ਵੋਟ ਦੇ ਕੇ ਚੁਣਦੇ ਹਨ। ਰਾਸ਼ਟਰਪਤੀ ਦੀ ਚੋਣ ਪੰਜ ਸਾਲ ਲਈ ਕੀਤੀ ਜਾਂਦੀ ਹੈ। ਉਸਦੇ ਕੋਲ ਬਿੱਲ ਪਾਸ ਕਰਨ ਦੀ ਸ਼ਕਤੀ ਹੁੰਦੀ ਹੈ। ਸੰਵਿਧਾਨ ਦੇ ਅਨੁਛੇਦ 111 ਅਨੁਸਾਰ ਉਹ ਇਸ ਬਿੱਲ ਨੂੰ ਰੋਕ ਕੇ ਵਾਪਸ ਸਦਨਾਂ ਵਿੱਚ ਭੇਜ ਸਕਦਾ ਹੈ ਅਤੇ ਇਸਤੇ ਆਪਣੇ ਵਿਚਾਰ ਵੀ ਦੇ ਸਕਦਾ ਹੈ, ਪਰ ਜਦੋਂ ਦੁਬਾਰਾ ਇਹ ਬਿੱਲ ਦੁਬਾਰਾ ਰਾਸ਼ਟਰਪਤੀ ਕੋਲ ਮਨਜ਼ੂਰ ਹੋਣ ਲਈ ਭੇਜਿਆ ਜਾਂਦਾ ਹੈ ਤਾਂ ਉਸਨੂੰ ਇਹ ਪਾਸ ਕਰਨਾ ਹੀ ਪੈਂਦਾ ਹੈ।

ਲੋਕ ਸਭਾ ਸੰਸਦ ਦਾ ਹੇਠਲਾ ਸਦਨ ਹੈ। ਇਸਦੇ 550+2 ਮੈਂਬਰ ਹੁੰਦੇ ਹਨ। 550 ਵਿੱਚੋਂ 530 ਵੱਖ ਵੱਖ ਰਾਜਾਂ ਵਿੱਚੋਂ ਚੁਣੇ ਜਾਂਦੇ ਹਨ ਅਤੇ 20 ਕੇਂਦਰ ਸ਼ਾਸ਼ਿਤ ਰਾਜਾਂ ਵਿੱਚੋਂ। ਇਸਤੋਂ ਇਲਾਵਾ ਦੋ ਐਂਗਲੋ-ਭਾਰਤੀ ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜਦ ਕੀਤੇ ਜਾਂਦੇ ਹਨ। ਰਾਜ ਸਭਾ ਭਾਰਤੀ ਲੋਕਤੰਤਰ ਦੀ ਉੱਪਰੀ ਪ੍ਰਤਿਨਿੱਧੀ ਸਭਾ ਹੈ। ਰਾਜ ਸਭਾ ਵਿੱਚ 250 ਮੈਂਬਰ ਹੋ ਸਕਦੇ ਹਨ ਪਰ ਵਰਤਮਾਨ ਕਾਨੂੰਨ ਅਨੁਸਾਰ ਇਸਦੇ 245 ਮੈਂਬਰ ਹਨ। ਇਹਨਾਂ ਵਿੱਚੋਂ 12 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਗਏ ਹੁੰਦੇ ਹਨ। (515 ਸ਼ਬਦ)

**ਅਭਿਆਸ 14.**

ਛੱਤਰਪਤੀ ਸ਼ਿਵਾਜੀ ਭੋਂਸਲੇ ਇੱਕ ਮਹਾਨ ਮਰਾਠਾ ਯੋਧੇ ਸਨ ਅਤੇ ਉਨ੍ਹਾਂ ਦੀ ਕਮਾਂਡ ਹੇਠ ਮੁਗਲਾਂ ਨੂੰ ਹਰਾ ਕੇ ਪੁਣੇ ਵਿੱਚ ਮਰਾਠਾ ਰਾਜ ਸਥਾਪਿਤ ਕੀਤਾ ਗਿਆ। ਇਸੇ ਲਈ ਸ਼ਿਵਾਜੀ ਨੂੰ ਮਰਾਠਾ ਰਾਜ ਦ ਬਾਨੀ ਵੀ ਕਿਹਾ ਜਾਂਦਾ ਹੈ। ਸੰਨ 1674 ਵਿੱਚ ਸ਼ਿਵਾਜੀ ਨੂੰ ਮਹਾਰਾਜ ਦਾ ਤਾਜ ਪਹਿਨਾ ਕੇ ਛੱਤਰਪਤੀ ਦਾ ਦਰਜਾ ਦਿੱਤਾ ਗਿਆ।

ਆਪ ਜੀ ਦਾ ਜਨਮ ਸ਼ਾਹਜੀ ਭੋਂਸਲੇ ਅਤੇ ਜੀਜਾਬਾਈ (ਰਾਜਮਾਤਾ ਜਿਜਾਊਂ) ਦੇ ਘਰ ਅੰਦਾਜ਼ਨ 12 ਫਰਵਰੀ 1630 ਨੂੰ ਸ਼ਿਵਨੇਰੀ ਦੁਰਗ ਵਿੱਚ ਹੋਇਆ ਸੀ। ਹੋਰਨਾਂ ਦੇ ਅਨੁਸਾਰ 6 ਅਪ੍ਰੈਲ 1627 ਜਾਂ ਇਸਦੇ ਨੇੜੇ ਤੇੜੇ ਦੱਸਿਆ ਜਾਂਦਾ ਹੈ। ਸ਼ਿਵਨੇਰੀ ਦਾ ਦੁਰਗ ਪੂਨਾ ਤੋਂ ਉੱਤਰ ਦੀ ਤਰਫ ਜੁੰਨਾਰ ਨਗਰ ਦੇ ਕੋਲ ਸੀ। ਆਪ ਜੀ ਦਾ ਬਚਪਨ ਮਾਤਾ ਜਿਜਾਊਂ ਦੇ ਮਾਰਗਦਰਸ਼ਨ ਵਿੱਚ ਗੁਜ਼ਰਿਆ। ਉਹ ਸਾਰੀਆਂ ਕਲਾਵਾਂ ਵਿੱਚ ਮਾਹਰ ਸਨ, ਉਨ੍ਹਾਂ ਨੇ ਬਚਪਨ ਵਿੱਚ ਰਾਜਨੀਤੀ ਅਤੇ ਲੜਾਈ ਦੀ ਸਿੱਖਿਆ ਲਈ ਸੀ। ਇਹ ਭੋਂਸਲੇ ਉਪਜਾਤੀ ਦੇ ਸਨ ਜੋ ਕਿ ਮੂਲ ਤੌਰ ਤੇ ਕੁਰਮੀ ਜਾਤੀ ਨਾਲ ਸੰਬੰਧਿਤ ਹੈ। ਉਨ੍ਹਾਂ ਦੇ ਪਿਤਾ ਮਰਾਠਾ ਜਰਨੈਲ ਸਨ ਅਤੇ ਦੱਖਣ ਸਲਤਨਤ ਅਧੀਨ ਸੇਵਾ ਕਰਦੇ ਸਨ। ਉਨ੍ਹਾਂ ਦੇ ਮਾਤਾ ਜੀ ਜਾਦਵ ਕੁਲ ਵਿੱਚ ਪੈਦਾ ਹੋਏ ਸਨ। ਉਨ੍ਹਾਂ ਦੇ ਪਿਤਾ ਇੱਕ ਸ਼ਕਤੀਸ਼ਾਲੀ ਸਾਮੰਤ ਸਨ। ਸ਼ਿਵਾਜੀ ਦੇ ਜਨਮ ਸਮੇਂ ਡੈਕਨ, ਦੀ ਸੱਤਾ ਵਿੱਚ ਤਿੰਨ ਇਸਲਾਮੀ ਸੁਲਤਾਨ ਭਿਆਲ ਸਨ: ਬੀਜਾਪੁਰ, ਅਹਿਮਦਨਗਰ ਅਤੇ ਗੋਲਕੁੰਡਾ ਦੇ ਸੁਲਤਾਨ। ਸਾਹਾਜੀ ਅਕਸਰ ਉਨ੍ਹਾਂ ਵਿਚਕਾਰ ਆਪਣਈ ਵਫ਼ਾਦਾਰੀ ਬਦਲਦੇ ਰਹਿੰਦੇ ਸਨ ਪਰ ਪੁਣੇ ਦੀ ਆਪਣੀ ਜਾਗੀਰ ਅਤੇ ਛੋਟੀ ਜਿਹੀ ਫੌਜ ਉਨ੍ਹਾਂ ਸਦਾ ਆਪਣੇ ਨਾਲ ਰੱਖੀ ਹੋਈ ਸੀ। ਆਪ ਬਚਪਨ ਤੋਂ ਹੀ ਆਪਣੇ ਆਸ ਪਾਸ ਦੇ ਮਾਹੌਲ ਅਤੇ ਘਟਨਾਵਾਂ ਤੋਂ ਭਲੀਭਾਂਤ ਜਾਣੂ ਹੋ ਗਏ ਸਨ। ਸ਼ਾਸ਼ਕਾਂ ਦੀਆਂ ਕਰਤੂਤਾਂ ਤੇ ਆਪ ਬਹੁਤ ਖਿਝਦੇ ਸੀ ਅਤੇ ਬੇਚੈਨੀ ਮਹਿਸੂਸ ਕਰਿਆ ਕਰਦੇ ਸਨ। ਉਮਰ ਦੇ ਨਾਲ ਨਾਲ ਸਵਤੰਤਰਤਾ ਦਾ ਜਜਬਾ ਵੀ ਆਪ ਵਿੱਚ ਬਹੁਤ ਪ੍ਰਬਲ ਹੋ ਚੁੱਕਾ ਸੀ। ਆਪ ਜੀ ਦਾ ਵਿਆਹ ਸੰਨ 14 ਮਈ 1640 ਨੂੰ ਸਈਬਾਈ ਨਿੰਬਾਲਕਰ ਜੀ ਦੇ ਨਾਲ ਲਾਲ ਮਹਲ ਪੂਣੇ ਵਿੱਚ ਹੋਇਆ। ਸਮੇਂ ਦੀ ਮੰਗ ਅਨੁਸਾਰ ਅਤੇ ਸਾਰੇ ਮਰਾਠਿਆਂ ਨੂੰ ਇੱਕ ਛੱਤ ਹੇਠਾਂ ਲਿਆਉਣ ਲਈ ਆਪ ਜੀ ਨੇ 8 ਵਿਆਹ ਕਰਵਾਏ। ਉਸੇ ਸਮੇਂ ਬੀਜਾਪੁਰ ਦਾ ਰਾਜ ਆਪਸੀ ਸੰਘਰਸ਼ ਅਤੇ ਵਿਦੇਸ਼ੀ ਹਮਲਿਆਂ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਇਹੋ ਜਿਹੇ ਸਾਮਰਾਜ ਦੇ ਸੁਲਤਾਨ ਦੀ ਸੇਵਾ ਕਰਨ ਦੀ ਬਜਾਏ ਆਪ ਜੀ ਨੇ ਮਾਵਲਾ ਜਾਤੀ ਨੂੰ ਬੀਜਾਪੁਰ ਦੇ ਖਿਲਾਫ਼ ਇਕੱਠਿਆਂ ਕਰਨਾ ਸ਼ੁਰੂ ਕੀਤਾ, ਜੋ ਕਿ ਬਹੁਤ ਹੀ ਕੁਸ਼ਲ ਯੋਧਿਆਂ ਦੇ ਤੌਰ ਤੇ ਜਾਣੇ ਜਾਂਦੇ ਹਨ। ਇਸ ਤੋਂ ਬਾਅਦ ਆਪ ਨੇ ਨੇੜੇ ਤੇੜੇ ਦੇ ਕਿਲਿਆਂ ਤੇ ਕਬਜ਼ਾ ਕਰਨਾ ਸ਼ੁਰੂ ਕੀਤਾ, ਜਿਨ੍ਹਾਂ ਵਿੱਚ ਤੋਰਨ ਦਾ ਦੁਰਗ, ਰਾਜਗੜ੍ਹ ਦਾ ਦੁਰਗ, ਸਿੰਘਗੜ ਆਦਿ। ਮੁਗਲ ਤੇ ਬੀਜਾਪੁਰ ਦਾ ਸੁਲਤਾਨ ਦੋਵੇਂ ਹੀ ਸ਼ਿਵਾਜੀ ਦੇ ਦੁਸ਼ਮਣ ਸਨ। ਉਸ ਸਮੇਂ ਔਰੰਗਜ਼ੇਬ ਦੱਕਣ ਦਾ ਸੂਬੇਦਾਰ ਸੀ। ਔਰੰਗਜ਼ੇਬ ਨੇ ਬੀਜਾਪੁਰ ਤੇ ਹਮਲਾ ਕੀਤਾ ਤੇ ਬਹੁਤ ਲੁੱਟ ਪਾਤ ਕੀਤੀ, ਉਤੋਂ ਸ਼ਿਵਾਜੀ ਨੇ ਔਰੰਗਜ਼ੇਬ ਦੀ ਮੱਦਦ ਕਰਨ ਦੀ ਬਜਾਏ ਉਸਦਾ ਵਿਰੋਧ ਕੀਤਾ, ਜਿਸਤੇ ਔਰੰਗਜ਼ੇਬ ਬਹੁਤ ਖ਼ਫ਼ਾ ਹੋਇਆ। ਇਸੇ ਤਰਾਂ ਸ਼ਿਵਾਜੀ ਨੇ ਬੀਜਾਪੁਰ, ਕੋਂਕਣ, ਸੂਰਤ ਦੀਆਂ ਜੰਗਾਂ ਲੜ ਕੇ ਆਪਣੀ ਯੁੱਧ ਕੌਸ਼ਲਤਾ ਦਾ ਨਮੂਨਾ ਦਿੱਤਾ ਅਤੇ ਸਵਤੰਤਰ ਮਰਾਠਾ ਰਾਜ ਦੀ ਸਥਾਪਨਾ ਕੀਤੀ। ਇਸੇ ਤਰਾਂ ਆਪਣੇ ਦੇਸ਼ ਭਗਤੀ ਦੇ ਜਜਬੇ ਦੇ ਨਾਲ ਆਪ ਜੀ ਦਾ ਦੇਹਾਂਤ 3 ਅਪ੍ਰੈਲ 1680 ਵਿੱਚ ਜ਼ਹਿਰ ਦੇਣ ਨਾਲ ਹੋਇਆ। ਆਪ ਜੀ ਤੋਂ ਬਾਅਦ ਰਾਜਗੱਦੀ ਆਪ ਜੀ ਦੇ ਜੇਠੇ ਪੁੱਤਰ ਸੰਭਾਜੀ ਨੂੰ ਮਿਲੀ। ਆਪ ਜੀ ਦੀ ਮੌਤ ਤੋਂ ਬਾਅਦ ਔਰੰਗਜ਼ੇਬ ਦੱਖਣ ਵੱਲ ਕਬਜ਼ਾ ਲੈਣ ਲਈ ਆਪਣੀ 5,00,000 ਸੈਨਾ ਲੈ ਕੇ ਚੜ੍ਹਾਈ ਕਰ ਗਿਆ। ਪਰ ਸ਼ਿਵਾਜੀ ਦੇ ਖ਼ੂਨ ਰਾਣਾ ਸੰਭਾਜੀ ਨੇ ਪੂਰੇ 1 ਸਾਲ ਮੁਗਲਾਂ ਨਾਲ ਲੜਾਈ ਕਰਕੇ ਆਪਣੇ ਦੇਸ਼ ਕੌਮ ਦੀ ਸੁਤੰਤਰਤਾ ਕਾਇਮ ਰੱਖੀ। (515 ਸ਼ਬਦ)

# ਅਭਿਆਸ 25

ਪੰਜਾਬੀ ਸੱਭਿਆਚਾਰ ਇੱਕ ਮਿਸ਼ਰਤ ਸੱਭਿਆਚਾਰ ਹੈ। ਪੰਜਾਬ ਕਿਉਂਕਿ ਭਾਰਤ ਦਾ ਮੁੱਖ ਦਵਾਰ ਰਿਹਾ ਹੈ। ਇਸੇ ਕਾਰਨ ਸਾਰੇ ਬਦੇਸ਼ੀ ਹਮਲਾਵਰਾਂ ਨੂੰ ਪਹਿਲਾਂ ਪੰਜਾਬੀਆਂ ਨਾਲ ਹੀ ਮੁਕਾਬਲਾ ਕਰਨਾ ਪਿਆ ਹੈ। ਉਹਨਾਂ ਨੇ ਸੱਭਿਆਚਾਰ ਦਾ ਪੰਜਾਬੀ ਸੱਭਿਆਚਾਰ ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਵਿਦਵਾਨ ਲੋਕਾਂ ਦਾ ਵਿਚਾਰ ਹੈ ਕਿ ਇਸ ਸੱਭਿਆਚਾਰ ਨੂੰ ਸਿਰਜਨ ਲਈ ਘੱਟੋ-ਘੱਟ ਛੇ ਨਸਲਾਂ, ਜਿਹੜੀਆਂ ਅੱਗੇ ਨੌਂ ਉਪਨਸਲਾਂ ਵਿਚ ਵੰਡੀਆਂ ਹੋਈਆਂ ਸਨ ਦਾ ਵਿਸ਼ੇਸ਼ ਯੋਗਦਾਨ ਹੈ। ਅੰਗਰੇਜ਼ਾਂ ਦੇ ਆਉਣ ਨਾਲ ਭਾਰਤ ਵਿਚ ਇੱਕ ਨਵੀਂ ਪ੍ਰਕਾਰ ਦਾ ਸੱਭਿਆਚਾਰ ਜਿਸ ਨੂੰ "ਮਹਾਨਗਰ" ਸੱਭਿਆਚਾਰ ਕਿਹਾ ਜਾ ਸਕਦਾ ਹੈ, ਹੋਂਦ ਵਿਚ ਆਇਆ। ਕਲਕੱਤਾ, ਬੰਬਾਈ, ਮਦਰਾਸ ਆਦਿ ਇਸ ਸੱਭਿਆਚਾਰ ਦੇ ਪ੍ਰਥਮ ਕੇਂਦਰਾਂ ਵਿਚੋਂ ਸਨ। ਇਹ ਉਹ ਥਾਵਾਂ ਸਨ ਜਿੱਥੇ ਪੱਛਮੀ ਵਪਾਰਕ ਕੰਪਨੀਆਂ ਦਾ ਪ੍ਰਭਾਵ ਆਰੰਭ ਵਿਚ ਵਧੇਰੇ ਤੀਰਬ ਰਿਹਾ ਜਿਸ ਨਾਲ ਇੱਕ ਨਵੀਂ ਸੱਭਿਆਚਾਰਕ ਤਬਦੀਲੀ ਆਈ ਅਰਥਾਤ ਪੱਛਮੀ ਰਹਿਣੀ-ਬਹਿਣੀ, ਖਾਣ-ਪੀਣ, ਪਹਿਨਣ, ਸਾਹਿਤ, ਭਾਸ਼ਾ ਨੇ ਲੋਕਾਂ ਨੂੰ ਆਪਣੇ ਰੰਗ ਵਿਚ ਰੰਗਣਾ ਸ਼ੁਰੂ ਕਰ ਦਿੱਤਾ। ਇਹ ਪ੍ਰਭਾਵ ਹੌਲੀ-ਹੌਲੀ ਪੰਜਾਬ ਤੱਕ ਵੀ ਪੁੱਜਾ। ਪੱਛਮੀਕਰਨ ਦੇ ਦੌਰ ਵਿੱਚ ਸਾਡਾ ਆਪਣਾ ਖੇਤਰੀ ਸੱਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਪੱਛਮੀ ਸੱਭਿਆਚਾਰ ਜਿਸ ਵਿਚ ਪੰਜਾਬ ਦਾ ਖਾਣਾ ਪੀਣਾ, ਪਹਿਰਾਵਾ, ਲੋਕ ਗੀਤ, ਮਨ ਪ੍ਰਚਾਵੇ ਦੇ ਸਾਧਨ ਅਤੇ ਰਸਮ ਰਿਵਾਜ ਆਦਿ ਜੋ ਕਿ ਸਾਡੀ ਪੰਜਾਬੀਅਤ ਦਾ ਪਛਾਣ ਪੱਤਰ ਹਨ, ਹੌਲੀ ਹੌਲੀ ਆਪਣੀ ਹੋਂਦ ਗੁਆ ਰਹੇ ਹਨ। ਇਸ ਦੇ ਨਾਲ ਸਾਨੂੰ ਕਈ ਨਫ਼ੇ ਵੀ ਹਨ ਅਤੇ ਕਈ ਨੁਕਸਾਨ ਵੀ। ਪਰ ਨਫ਼ੇ ਸਾਨੂੰ ਇਸਦੇ ਨੁਕਸਾਨ ਹੀ ਵਧੇਰੇ ਦਿਖਾਈ ਦਿੰਦੇ ਹਨ। ਅੰਗਰੇਜ਼ਾਂ ਦਾ ਭਾਰਤ ਵਿਚ ਪ੍ਰਵੇਸ਼ ਇੱਕ ਵੱਖਰੀ ਕਿਸਮ ਦਾ ਸੀ ਜਿਸ ਦਾ ਉਦੇਸ਼ ਪ੍ਰਤਿਭਾ ਵਾਲੀ ਕੌਮ ਦਾ ਉਪਨਿਵੇਸ਼ੀ ਢੰਗ ਦਾ ਅਜਿਹਾ ਰਾਜ ਸਥਾਪਿਤ ਕਰਨਾ ਸੀ ਜਿਸਦੇ ਵਿਚ ਇੱਥੋ ਦੀ ਵਸੋਂ ਦਾ ਅੰਗ ਬਣਨ ਦੀ ਥਾਂ ਜਾਂ ਇੱਥੋਂ ਕਿਸੇ ਪ੍ਰਕਾਰ ਦਾ ਕੁਝ ਗ੍ਰਹਿਣ ਕਰਨ ਦੀ ਬਜਾਇ, ਨਿਰੋਲ ਹਾਕਮ ਤੇ ਮਹਿਕੂਮ ਵਾਲੇ ਸੰਬੰਧਾਂ ਰਾਹੀਂ ਇੱਥੇ ਸ਼ਕਤੀਸ਼ਾਲੀ ਢੰਗਾਂ ਦਾ ਸਾਮਰਾਜ ਸਥਾਪਿਤ ਕਰਨਾ ਅਤੇ ਰਾਜ ਪ੍ਰਬੰਧ ਵਿਚ ਅਜਿਹੀਆਂ ਵਿਧੀਆਂ ਤੇ ਨੀਤੀਆਂ ਨੂੰ ਅਪਨਾਉਣਾ ਸ਼ਾਮਿਲ ਸੀ, ਜਿੰਨ੍ਹਾਂ ਦੁਆਰਾ ਨਵੇਂ ਪ੍ਰਾਪਤ ਕੀਤੇ ਰਾਜ ਨੂੰ ਵੱਧ ਤੋਂ ਵੱਧ ਚਿਰ ਸਥਾਈ ਗ਼ੁਲਾਮ ਬਣਾਇਆ ਜਾ ਸਕੇ। ਅੰਗਰੇਜ਼ ਕੌਮ ਦੀ ਇਹ ਨੀਤੀ ਸਫਲ ਰਹੀ ਹੈ। ਅਸੀ ਅੱਜ ਵੀ ਸੱਭਿਆਚਾਰਕ ਤੌਰ 'ਤੇ ਅੰਗਰੇਜ਼ਾਂ ਦੇ ਗੁਲਾਮ ਹਾਂ। ਸੱਭਿਆਚਾਰਕ ਤਬਦੀਲੀ ਲਈ ਉਹਨਾਂ ਨੇ ਪੱਛਮੀ ਵਿਦਿਅਕ ਪ੍ਰਣਾਲੀ ਚਾਲੂ ਕੀਤੀ ਜਿਸ ਦਾ ਉਦੇਸ਼ ਇੱਥੋਂ ਦੇ ਨੌਜਵਾਨਾਂ ਦੀ ਸੋਚਧਾਰਾ, ਖਾਣ-ਪੀਣ, ਪਹਿਨਣ ਅਤੇ ਉਹਨਾਂ ਦੀਆਂ ਸਾਹਿਤਿਕ ਰੁਚੀਆਂ ਨੂੰ ਪਰਿਵਰਤਿਤ ਕਰਨਾ ਸੀ। ਉਹਨਾਂ ਨੇ ਇਸਾਈ ਪ੍ਰਚਾਰਕਾਂ ਨੂੰ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਉਤਸ਼ਾਹਿਤ ਕੀਤਾ। ਪੱਛਮੀਕਰਨ ਦੇ ਪ੍ਰਭਾਵ ਇਸ ਪੱਛਮੀਕਰਨ ਦੀ ਰੁਚੀ ਨੇ ਸਾਡੀ ਸੁੱਚਜੀ ਭਰਪੂਰ ਸ਼ਖ਼ਸੀਅਤ ਸਾਡੇ ਵਿਹਾਰ-ਸਲੀਕੇ, ਸਾਡੇ ਨਿੱਘੇ ਰਿਸ਼ਤਿਆਂ, ਸਾਡੀ ਨਿਆਰੀ ਜੀਵਨ ਜਾਂਚ ਨੂੰ ਇਤਨਾ ਝੰਜੋੜਿਆ ਅਤੇ ਪੈਰੋਂ ਕੱਢਿਆ ਹੈ ਕਿ ਅਸੀਂ 'ਦੇਸੀ ਅੰਗਰੇਜ਼` ਬਣ ਰਹੇ ਹਾਂ। ਜੇਕਰ ਅਸੀਂ ਪਿੱਛਲ ਝਾਤ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਸ਼ੁਰੂ ਵਿੱਚ ਸਾਡਾ ਖੇਤਰੀ ਪਹਿਰਾਵਾਂ ਜਿਸ ਵਿਚ ਪੁਰਸ਼ ਧੋਤੀ-ਕੁਰਤ ਪਜ਼ਾਮਾ ਪਹਿਨਦੇ ਸਨ ਹੁਣ ਲਗਭਗ ਅਲੋਪ ਹੋ ਚੁੱਕਾ ਹੈ। ਹੁਣ 95% ਤੋਂ ਵੱਧ ਲੋਕ ਪੈਂਟ-ਸਰਟ ਪਹਿਨਣਾ ਪਸੰਦ ਕਰਦੇ ਹਨ। ਇਥੋਂ ਤੱਕ ਕਿ ਔਰਤਾਂ ਨੇ ਵੀ ਇਸ ਪਹਿਰਾਵੇ ਨੂੰ ਆਪਣਾ ਲਿਆ ਹੈ। ਸਾਡਾ ਰਾਜ ਪੰਜਾਬ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਦਹੀ, ਲੱਸੀ, ਮੱਖਣ ਲਈ ਜਾਣਿਆ ਜਾਂਦਾ ਸੀ, ਪਰ ਹੁਣ ਕੋਲਡ ਡਰਿੰਕ, ਪੀਜ਼ਾ, ਬਰਗਰ ਅਤੇ ਚਾਈਨੀਜ਼ ਫੂਡ ਹੋਟਲਾਂ ਅਤੇ ਰੈਸਟੋਰੈਂਟਾਂ ਵਿਚ ਆ ਗਏ ਹਨ। ਹੁਣ ਪੰਜਾਬੀ ਭਾਸ਼ਾ ਦਾ ਸਰੂਪ ਅਲੋਪ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ, ਇਸਨੇ ਤਾਂ ਪਹਿਲਾਂ ਹੀ ਆਪਣੀ ਸ਼ੁੱਧਤਾ ਅਤੇ ਮੌਲਿਕਤਾ ਗੁਆ ਲਈ ਹੈ। ਪੰਜਾਬ ਵਿਚ ਸਮੁੱਚੀ ਜਨਸੰਖਿਆ ਦਾ ਇੱਕ ਤਿਹਾਈ ਹਿੱਸਾ ਅੰਗਰੇਜ਼ੀ ਬੋਲਣ ਵਾਲਿਆਂ ਦਾ ਬਣ ਚੁੱਕਿਆ ਹੈ। ਸਮਾਜਕ ਰਿਸ਼ਤਿਆਂ ਤੇ ਪਰਿਵਾਰਕ ਸੰਬੰਧਾਂ ਵਿਚ ਪਰਿਵਰਤਨ ਆਏ ਮਿਸਾਲ ਦੇ ਤੌਰ 'ਤੇ ਸ਼ਹਿਰੀ ਸਮਾਜ ਵਿਚ ਆ ਕੇ ਚਾਚਾ, ਤਾਇਆ, ਮਾਮਾ, ਫੁੱਫੜ, ਰਿਸ਼ਤਿਆ ਲਈ ਇਕੋ ਸ਼ਬਦ 'ਅੰਕਲ` ਰਹਿ ਗਿਆ ਤੇ ਮਾਤਾ ਪਿਤਾ ਜਾਂ ਤਾ ਮੋਮ ਡੈਡ ਬਣ ਗਏ ਜਾਂ 'ਮਾਮਾ-ਪਾਪਾ`। ਚਾਚੀ, ਤਾਈ, ਮਾਮੀ, ਭੂਆ ਵੀ ਅੰਟੀ ਬਣ ਗਈਆਂ ਤੇ ਗੁਰੂ (ਜੇ ਪੁਰਸ਼ ਹੈ ਤਾਂ) 'ਸਰ` (ਜੇ ਨਾਰੀ ਹੈ ਤਾਂ) 'ਮੈਡਮ` ਵਿਚ ਤਬਦੀਲ ਹੋ ਗਿਆ। (579 ਸ਼ਬਦ)

**ਅਭਿਆਸ 15.**

ਖੇਡਾਂ ਮਨੁੱਖੀ ਜੀਵਨ ਦਾ ਬਹੁਤ ਜ਼ਰੂਰੀ ਅੰਗ ਹਨ। ਇਹ ਸਾਡੇ ਸਰੀਰਕ ਤੇ ਆਤਮਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਇਨ੍ਹਾਂ ਦੀ ਸਾਡੇ ਸਰੀਰ ਨੂੰ ਇਸੇ ਪ੍ਰਕਾਰ ਹੀ ਲੋੜ ਹੈ, ਜਿਵੇਂ ਖ਼ੁਰਾਕ, ਹਵਾ ਤੇ ਪਾਣੀ ਆਦਿ ਦੀ ਲੋੜ ਹੈ। ਜਿੱਥੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਖੁਰਾਕ ਆਪਣਾਹਿੱਸਾ ਪਾਉਂਦੀ ਹੈ, ਉੱਥੇ ਖੇਡਾਂ ਵੀ ਸਾਡੇ ਸਰੀਰ ਨੂੰ ਖੁਰਾਕ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੇ ਯੋਗ ਬਣਾਉਂਦੀਆਂ ਹਨ। ਇਹ ਸਾਡੇ ਦਿਨ ਭਰ ਦੇ ਦਿਮਾਗੀ ਅਤੇ ਸਰੀਰਕ ਥਕੇਵੇਂ ਨੂੰ ਦੂਰ ਕਰ ਦਿੰਦੀਆਂ ਹਨ। ਫਲਸਰੂਪ ਸਾਡੇ ਸਰੀਰ ਵਿਚ ਤਾਜ਼ਗੀ ਤੇ ਫੁਰਤੀ ਪੈਦਾ ਹੁੰਦੀ ਹੈ।

ਖੇਡਾਂ ਸਾਡੇ ਸਰੀਰ ਨੂੰ ਅਰੋਗ ਤੇ ਤਕੜਾ ਰੱਖਣ ਵਿਚ ਭਾਰੀ ਹਿੱਸਾ ਪਾਉਂਦੀਆਂ ਹਨ। ਖੇਡਾਂ ਵਿਚ ਭਾਗ ਲੈਣ ਨਾਲ ਸਾਡੇ ਸਰੀਰ ਵਿਚ ਖ਼ੂਨ ਦਾ ਦੌਰਾ ਤੇਜ਼ ਹੁੰਦਾ ਹੈ। ਹਰ ਰੋਜ਼ ਖੇਡਾਂ ਵਿਤ ਹਿੱਸਾ ਲੈਣ ਵਾਲੇ ਦਾ ਸਰੀਰ ਅਰੋਗ ਰਹਿੰਦਾ ਹੈ ਤੇ ਉਨ੍ਹਾਂ ਦੇ ਅੰਦਰ ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਇੰਨੀ ਸ਼ਕਤੀ ਹੁੰਦੀ ਹੈ ਕਿ ਰੋਗ ਉਨ੍ਹਾਂ ਦੇ ਲਾਗੇ ਫਟਕ ਨਹੀਂ ਸਕਦੇ। ਖੇਡਾਂ ਵਿਚ ਭਾਗ ਲੈਣ ਵਾਲਿਆਂ ਦੇ ਸਰੀਰ ਵਿਚ ਹਮੇਸ਼ਾ ਚੁਸਤੀ ਤੇ ਤਾਜ਼ਗੀ ਰਹਿੰਦੀ ਹੈ ਤੇ ਉਨ੍ਹਾਂ ਦਾ ਚਿਹਰਾ ਖਿੜਿਆ ਰਹਿੰਦਾ ਹੈ। ਸਰੀਰ ਦੇ ਅਰੋਗ ਰਹਿਣ ਨਾਲ ਮਨੁੱਖ ਆਪਣੇ ਦਿਮਾਗ ਤੋਂ ਵੀ ਵੱਧ ਤੋਂ ਵੱਧ ਲਾਭ ਉਠਾ ਸਕਦਾ ਹੈ। ਖੇਡਾਂ ਨਾਲ ਦਿਮਾਗ ਦੀ ਗ੍ਰਹਿਣ ਕਰਨ ਦੀ ਸ਼ਕਤੀ ਵਧਦੀ ਹੈ। ਇਨ੍ਹਾਂ ਨਾਲ ਦਿਮਾਗ ਤਾਜ਼ਾ ਤੇ ਚੁਸਤ ਰਹਿੰਦਾ ਹੈ। ਇਨ੍ਹਾਂ ਤੋਂ ਬਿਨਾਂ ਨਿਰੇ ਕਿਤਾਬੀ-ਕੀੜੇ ਜ਼ਿੰਦਗੀ ਦੀ ਦੌੜ ਵਿਚ ਪਿੱਛੇ ਰਹਿ ਜਾਂਦੇ ਹਨ।

ਸਰੀਰਕ ਅਤੇ ਦਿਮਾਗੀ ਅਰੋਗਤਾ ਤੋਂ ਬਿਨਾਂ ਖੇਡਾਂ ਮਨੁੱਖ ਦੇ ਆਚਰਨ ਦੀ ਉਸਾਰੀ ਵੀ ਕਰਦੀਆਂ ਹਨ। ਜਦੋਂ ਅਸੀਂ ਦੂਜਿਆਂ ਨਾਲ ਮਿਲ ਕੇ ਖੇਡਦੇ ਹਾਂ, ਤਾਂ ਸਾਡੇ ਵਿਚ ਇਕ-ਦੂਜੇ ਦੀ ਸਹਾਇਤਾ ਕਰਨ, ਇਕ-ਦੂਜੇ ਨਾਲ ਚੰਗਾ ਵਿਹਾਰ ਕਰਨ, ਕਿਸੇ ਨਾਲ ਵਧੀਕੀ ਨਾ ਕਰਨ ਤੇ ਆਪਣੀ ਗ਼ਲਤੀ ਮੰਨ ਲੈਣ, ਧੋਖਾ ਨਾ ਕਰਨ, ਕਪਤਾਨ ਦਾ ਹੁਕਮ ਮੰਨਣ ਅਪਣੀ ਜਿੱਤ ਲਈ ਜ਼ੋਰ ਲਾਉਣ, ਨੇਮਾਂ ਦੀ ਪਾਲਣਾ ਕਰਨਤੇ ਮਿਲ ਕੇ ਚਲਣ ਦੇ ਗੁਣ ਪੈਦਾ ਹੁੰਦੇ ਹਨ।

ਖੇਡਾਂ ਦਿਲ-ਪਰਚਾਵੇ ਦਾ ਇਕ ਬਹੁਤ ਹੀ ਵਧੀਆ ਸਾਧਨ ਹਨ। ਇਨ੍ਹਾਂ ਨਾਲ ਸੰਸਾਰਕ ਸੋਚਾਂ ਤੇ ਫ਼ਿਕਰਾਂ ਤੋਂ ਮੁਕਤ ਹੋਏ ਮਨੁੱਖ ਦੇ ਮਨ ਵਿਚ ਖੁਸ਼ੀ ਨੱਚਦੀ ਹੈ। ਉਸ ਨੂੰ ਕਈ ਮੌਕਿਆਂ 'ਤੇ ਖੁੱਲ੍ਹ ਕੇ ਹੱਸਣ ਦਾ ਮੌਕਾ ਮਿਲਦਾ ਹੈ। ਇਸ ਤਰ੍ਹਾਂ ਉਸ ਦਾ ਮਨ ਖਿੜਦਾ ਹੈ। ਖਿੜਿਆਮਨ ਆਲੇ-ਦੁਆਲੇ ਵਿਚ ਮਹਿਕ ਖਿਲਾਰਦਾ ਹੈ ਤੇ ਸਰੀਰ ਰੂਪੀ ਮਸ਼ੀਨਲਈ ਤੇਲ ਦਾ ਕੰਮ ਕਰਦਾ ਹੈ। ਕਿਹਾ ਜਾਂਦਾ ਹੈ 'ਸੌ ਦਾਰੂ ਤੇ ਇਕ ਘਿਓ' ਪਰ ਜੇਕਰ ਅਸੀਂ ਇਸ ਤਰ੍ਹਾਂ ਕਹਿ ਦੇਈਏ 'ਸੌ ਦਾਰੂ ਤੇ ਇਕ ਖੇਡ' ਤਾਂ ਗਲਤ ਨਹੀਂ ਕਿਉਂਕਿ ਘਿਓ ਤਾਂ ਹੀ ਸਰੀਰ ਨੂੰ ਕੋਈ ਲਾਭ ਪੁਚਾਉਂਦਾ ਹੈ, ਜੇਕਰ ਖੇਡਾਂ ਵਿਚ ਹਿੱਸਾ ਲਿਆ ਜਾਵੇ। ਵਿਹਲੜ ਮਨੁੱਖ ਦੇ ਸਰੀਰ ਨੂੰ ਵੱਡੀ ਤੋਂ ਚਿਕਿੱਤਸਾ ਕੋਈ ਲਾਭ ਨਹੀਂ ਪੁਚਾ ਸਕਦੀ। ਫਿਰ ਘਿਓ ਜਾਂ ਚਿਕੱਤਸਾ ਤਾਂ ਬਹੁਤ ਹੀ ਮਹਿੰਗੇ ਹਨ, ਪਰ ਖੇਡਾਂ ਦੇ ਸਾਧਨ ਬੜੇ ਮਾਮੂਲੀ ਖ਼ਰਚ ਨਾਲ ਤੇ ਬਹੁਤ ਵਾਰੀ ਮੁਫ਼ਤ ਹੀ ਪ੍ਰਾਪਤ ਹੋ ਜਾਂਦੇ ਹਨ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਖੇਡਾਂ ਦੀ ਮਨੁੱਖੀ ਜੀਵਨ ਵਿਚ ਬਹੁਤ ਮਹਾਨਤਾ ਹੈ। ਮੁਕਾਬਲੇ ਦੀਆਂ ਖੇਡਾਂ ਜਾਂ ਰਲ ਮਿਲ ਕੇ ਖੇਡੀਆਂ ਜਾਣ ਵਾਲੀਆਂ ਖੇਡਾਂ ਦੀ ਰੀਸ ਨਹੀਂ। ਵਿਅਕਤੀਗਤ ਖੇਡਾਂ ਇਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੀਆਂ, ਇਸ ਕਰਕੇ ਸਾਨੂੰ ਵੱਧ ਤੋਂ ਵੱਧ ਮੁਕਾਬਲੇ ਦੀਆਂ ਖੇਡਾਂ ਵਿਚ ਭਾਗ ਲੈਣਾ ਚਾਹੀਦਾ ਹੈ। ਦਿਮਾਗੀ ਕੰਮ ਕਰਨ ਵਾਲਿਆਂ ਲਈ ਸਰੀਰ ਨੂੰ ਹਰਕਤ ਵਿਚ ਲਿਆਉਣ ਵਾਲੀਆਂ ਖੇਡਾਂ ਵਾਭਦਾਇਕ ਹਨ ਅਤੇ ਸਰੀਰਕ, ਕੰਮ ਕਰਨ ਵਾਲਿਆਂ ਲਈ ਦਿਮਾਗੀ ਖੇਡਾਂ, ਪਰ ਇਨ੍ਹਾਂ ਵਿਚੋਂ ਵਧੇਰੇ ਲਾਭ ਸਰੀਰ ਨੂੰ ਹਰਕਤ ਵਿਚ ਲਿਆਉਣ ਵਾਲੀਆ ਖੇਡਾਂ ਦਾ ਹੈ। (509 ਸ਼ਬਦ)

## ਅਭਿਆਸ 24

ਸ੍ਰੀ ਅਨੰਦਪੁਰ ਸਾਹਿਬ : ਵਿਰਾਸਤ-ਏ-ਖਾਲਸਾ ਦੀ ਉਸਾਰੀ ਸਿੱਖ ਵਿਰਾਸਤ ਨੂੰ ਪੇਸ਼ ਕਰਨ ਦਾ ਪਹਿਲਾ ਵੱਡਾ ਉੱਦਮ ਹੈ। 100 ਏਕੜ ਰਕਬੇ ਵਿੱਚ ਉਸਾਰੇ ਵਿਰਾਸਤ-ਏ-ਖਾਲਸਾ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧ ਆਰਚੀਟੈਕਟ ਸ੍ਰੀ ਮੋਸ਼ੇ ਸੈਫਦੀ, ਜਿਸ ਵਲੋਂ ਯੇਰੋਸ਼ਲਮ ਵਿਚ ਹੋਲੋ-ਕਾਸ਼ਟ ਮਿਊਜ਼ੀਅਮ ਵੀ ਤਿਆਰ ਕੀਤੀ ਗਈ ਸੀ, ਨੇ ਡਿਜ਼ਾਇਨ ਕੀਤਾ ਹੈ।

ਵਿਰਾਸਤ-ਏ-ਖਾਲਸਾ ਵਿਚ ਕੌਮੀ ਇਤਿਹਾਸ ਨੂੰ ਪੇਸ਼ ਕਰਨ ਲਈ ਪੂਰਬ ਵਲ ਫੁੱਲ ਇਮਾਰਤ ਅਤੇ ਕਿਸ਼ਤੀ ਇਮਾਰਤ ਬਣਾਏ ਗਏ ਹਨ। ਆਰਚੀਟੈਕਟ ਵਲੋਂ ਪੰਜ ਪਾਣੀ ਅਤੇ ਪੰਜ ਪੱਤੀਆਂ ਦੇ ਮਨੋਰਥ ਨੂੰ ਸਾਹਮਣੇ ਰੱਖ ਕੇ ਪੰਜ ਦਰਿਆਵਾਂ ਦੀ ਧਰਤੀ ਅਤੇ ਪੰਜ ਪਿਆਰਿਆਂ ਦੇ ਗੁਰੂ ਸੰਕਲਪ ਨੂੰ ਪ੍ਰਗਟ ਕਰਨ ਦਾ ਉਦੇਸ਼ ਰਖਿਆ ਗਿਆ ਹੈ। ਵਿਰਾਸਤ-ਏ-ਖ਼ਾਲਸਾ' ਦੇ ਪਹਿਲੇ ਪੜਾਅ 'ਚ 14 ਗੈਲਰੀਆਂ ਦੇ ਦਰਸ਼ਨਾਂ ਦੌਰਾਨ ਸੈਲਾਨੀ ਇਥੇ ਪੰਜਾਬ ਦੇ ਸੱਭਿਆਚਾਰ, ਰਹਿਣ-ਸਹਿਣ, ਸਿੱਖ ਧਰਮ ਦੇ ਉਦੈ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲਣ ਤਕ ਦਾ ਇਤਿਹਾਸ ਮਲਟੀ ਮੀਡੀਆ ਅਤਿ-ਆਧੁਨਿਕ ਤਕਨੀਕਾਂ ਜ਼ਰੀਏ ਵੇਖਦੇ ਤੇ ਸੁਣਦੇ ਹਨ।

ਪਹਿਲੇ ਪੜਾਅ ਵਿਚ ਜ਼ਿਆਦਾਤਰ ਇਤਿਹਾਸ ਤਸਵੀਰਾਂ ਜਾਂ ਕਲਾਕ੍ਰਿਤਾਂ ਰਾਹੀਂ ਵਿਖਾਇਆ ਗਿਆ ਹੈ। ਦੂਜੇ ਪੜਾਅ 'ਚ ਪੰਦਰ੍ਹਵੀਂ ਗੈਲਰੀ ਤੋਂ ਲੈ ਕੇ ਸਤਾਈ ਵੀਂ ਗੈਲਰੀ ਤਕ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਭਾਰਤ ਦੀ ਆਜ਼ਾਦੀ (1708-1947 ਈਸਵੀ) ਤਕ ਪੰਜਾਬ ਦੇ ਅਮੀਰ ਤੇ ਗੌਰਵਸ਼ਾਲੀ ਸਿੱਖ ਇਤਿਹਾਸ ਨੂੰ ਹਸਤਕਲਾ, ਅਤਿ-ਆਧੁਨਿਕ ਮਲਟੀ ਮੀਡੀਆ ਤਕਨਾਲੋਜੀ ਤੋਂ ਇਲਾਵਾ ਥ੍ਰੀ-ਡੀ ਤਕਨੀਕ ਸਮੇਤ ਆਲ੍ਹਾ ਦਰਜੇ ਦੇ ਆਡੀਓ ਤੇ ਵੀਡੀਓ ਕੰਨਟੈਂਟ ਨਾਲ ਇਸ ਕਦਰ ਲੜੀ 'ਚ ਪ੍ਰੋਇਆ ਗਿਆ ਹੈ ਕਿ ਦਰਸ਼ਕ ਖੁਦ ਆਪਣੇ ਆਪ ਨੂੰ ਉਸ ਕਾਲ ਵਿਚ ਜੀਵੰਤ ਮਹਿਸੂਸ ਕਰਨ ਲੱਗਦੇ ਹਨ।

ਇਸ ਅਦੁੱਤੀ ਨਿਰਮਾਣ ਕਾਰਜ ਦਾ ਬਜਟ 327.20 ਕਰੋੜ ਰੁਪਏ ਸੀ। ਸਿਵਲ ਵਰਕ ਦਾ ਬਜਟ 185.53 ਕਰੋੜ, ਡਿਜ਼ਾਈਨ ਵਰਕ ਦਾ 122.63 ਕਰੋੜ ਅਤੇ ਪ੍ਰਸ਼ਾਸਨਿਕ ਵਰਕ ਦਾ ਬਜਟ 19.04 ਕਰੋੜ ਰਖਿਆ ਗਿਆ ਸੀ। ਗੈਲਰੀ ਦੇ ਅੰਦਰ ਦਾਖਲ ਹੁੰਦਿਆਂ ਹੀ ''ਲੋਕ ਗੀਤ ਦੇ ਸੁਰੀਲੇ ਬੋਲ ਸੁਣਾਈ ਦਿੰਦੇ ਹਨ। ਸੱਜੇ ਹੱਥ ਸ਼ੁਰੂ ਹੁੰਦਿਆਂ ਹੀ ਡੀ.ਏ.ਵੀ. ਸਕੂਲ ਬਿਲਡਿੰਗ ਦੀ ਚਿੱਤਰਕਾਰੀ ਨਜ਼ਰ ਆਵੇਗੀ। ਡੀ.ਏ.ਵੀ. ਸੰਸਥਾ ਦਾ ਗਠਨ ਤਾਂ 1885 ਈ: ਵਿੱਚ ਹੋਇਆ ਹੈ, ਨਾ ਤਾਂ ਪੰਜਾਬ ਤੇ ਨਾ ਖਾਲਸਾ ਦਾ ਇਤਿਹਾਸ 19ਵੀਂ ਸਦੀ ਦੇ ਅੰਤ ਵਿੱਚ ਆਰੰਭ ਹੋਇਆ ਹੈ ਅਤੇ ਨਾ ਹੀ ਖਤਮ। ਹੋਰ ਪੰਜਾਬੀ ਗਾਣਿਆਂ ਨੂੰ ਸੁਣ ਅਤੇ ਜ਼ਿਮੀਂਦਾਰਾ ਢਾਬੇ ਵਰਗੇ ਚਿੱਤਰ ਵੇਖ ਕੇ ਮਨ ਨੂੰ ਖੁਸ਼ੀ ਮਿਲਦੀ ਹੈ।

ਪੰਜਾਬ ਦਾ ਇਤਿਹਾਸ ਵੀ ਮੁੱਢਲੇ ਵਸਨੀਕਾਂ ਨੂੰ ਆਰੀਆ ਵਲੋਂ ਫਤਹਿ ਕਰਨਾ, ਬੁੱਧ ਧਰਮ ਦਾ ਆਗਮਨ, ਮਿਸਰ ਦੇ ਬਾਦਸ਼ਾਹ ਵਲੋਂ ਫਤਹਿ, ਮੁਸਲਮਾਨ ਹਮਲਾਵਰ ਗਜਨਵੀ, ਗੌਰੀ, ਗੁਲਾਮ ਖਿਲਜੀ ਤੁਗਲਕ, ਤੈਮੂਰ, ਸਯਦ, ਲੋਧੀ ਮੁਗਲ ਖਾਨਦਾਨ ਤੋਂ ਸਿੱਖ ਰਾਜ ਵੱਲ ਆਉਂਦਾ ਹੈ। ਇਸ ਖੇਤਰ ਵਿੱਚ ਵੇਦਾਂ ਦੀ ਰਚਨਾ ਹੋਈ, ਗੀਤਾ ਦਾ ਗਿਆਨ ਅਰਜੁਨ ਨੂੰ ਸੁਣਾਇਆ ਗਿਆ, ਸੂਫੀ ਤੇ ਗੁਰਮਤਿ ਗਿਆਨ,ਬਹਾਦਰ ਯੋਧਿਆਂ ਦੀਆਂ ਵਾਰਾਂ, ਚਰਿੱਤਰਵਾਨ ਪੂਰਨ ਭਗਤ ਦਾ ਕਿੱਸਾ ਆਦਿ ਪੰਜਾਬੀਆਂ ਦਾ ਮਨ ਭਾਉਂਦਾ ਸੰਗੀਤ ਸੁਣੇਗਾ। ਅੱਗੇ ਦਸ ਗੁਰੂ ਸਾਹਿਬਾਨ ਦੇ ਨਾਲ ਸਬੰਧਤ ਗੈਲਰੀਆਂ ਹਨ। ਅਸਾਮ ਦਾ ਰਾਜਾ ਰਤਨ ਰਾਇ ਜੋ ਗੁਰੂ ਤੇਗ ਬਹਾਦਰ ਸਾਹਿਬ ਦੀ ਬਖਸ਼ਿਸ਼ ਨਾਲ ਪੈਦਾ ਹੋਣਾ ਮੰਨਦਾ ਸੀ ਨੂੰ ਵੀ ਗੈਰ ਸਿੱਖ ਸਰੂਪ ਵਿੱਚ ਘੋੜੇ 'ਤੇ ਬੈਠਾ ਵਿਖਾਇਆ ਗਿਆ ਹੈ । ਖ਼ਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਵਿਰਾਸਤ-ਏ-ਖ਼ਾਲਸਾ' ਦੇ ਹੋਂਦ ਵਿਚ ਆਉਣ ਦੇ ਪਿਛੋਕੜ ਦੀ ਵੀ ਆਪਣੇ-ਆਪ ਵਿਚ ਇਕ ਦਿਲਚਸਪ ਕਹਾਣੀ ਹੈ, ਇਕ ਇਤਿਹਾਸਕ ਸਬੰਧ ਹੈ ਤੇ ਅਹਿਮ ਇਤਫ਼ਾਕ ਵੀ।      (467 ਸ਼ਬਦ)

## ਅਭਿਆਸ 16.

ਬ੍ਰਹਿਮੰਡ ਕੁੱਲ ਸਮਾਂ ਸਥਾਨ ਅਤੇ ਵਿਚਲਾ ਸਭ ਕੁਝ ਹੈ। ਇਸ ਵਿੱਚ ਗ੍ਰਹਿ,ਤਾਰੇ, ਗਲੈਕਸੀਆਂ, ਅੰਤਰ ਗਲੈਕਟਿਕ ਸਪੇਸ ਦੇ ਤੱਤ, ਨਿੱਕੇ ਤੋਂ ਨਿੱਕੇ ਉਪ-ਪਰਮਾਣੂ ਕਣ, ਅਤੇ ਕੁੱਲ ਪਦਾਰਥ ਅਤੇ ਊਰਜਾ ਸ਼ਾਮਿਲ ਹੈ। ਬਹੁਤੀ ਸੰਭਾਵਨਾ ਹੈ ਕਿ ਇਸ ਪਦਾਰਥ ਅਤੇ ਊਰਜਾ ਦੀ ਬਹੁਗਿਣਤੀ ਹਨੇਰੇ ਪਦਾਰਥ ਅਤੇ ਹਨੇਰੀ ਊਰਜਾ ਦੇ ਰੂਪ ਵਿਚ ਹੈ।

ਵਿਗਿਆਨ ਮੁਤਾਬਕ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸ਼ਕਤੀ ਦਾ ਅਥਾਹ ਸਮੁੰਦਰ ਭਖਦੇ ਹੋਏ ਅੱਗ ਦੇ ਗੋਲੇ ਵਾਂਗੂੰ ਇੱਕ ਬਿੰਦੂ ਰੂਪ ਵਿੱਚ ਸੀ। ਬਿੱਗ ਬੈਂਗ ਤੋਂ ਪਹਿਲਾਂ ਪਦਾਰਥ ਨਹੀਂ ਸੀ, ਸਿਰਫ਼ ਤੇ ਸਿਰਫ਼ ਊਰਜਾ ਜਾਂ ਸ਼ਕਤੀ ਹੀ ਸੀ ਪਰ ਉਹ ਊਰਜਾ ਜਾਂ ਸ਼ਕਤੀ ਇੱਕ ਨਿੱਕੇ ਤੋਂ ਵੀ ਨਿੱਕੇ ਬਿੰਦੂ 'ਤੇ ਕੇਂਦਰਿਤ ਸੀ। ਵਿਗਿਆਨ ਦੇ ਹਿਸਾਬੀ ਮਾਡਲ ਅਸਲ ਵਿੱਚ ਬਿਗ ਬੈਂਗ ਦੇ ਸ਼ੁਰੂ ਹੋਣ ਤੋਂ ਸਕਿੰਟ ਦੇ ਕੁਝ ਪਲ ਮਗਰੋਂ ਸ਼ੁਰੂ ਹੁੰਦੇ ਹਨ। ਇਸ ਬਿੰਦੂ ਵਿੱਚ ਫਿਰ ਧਮਾਕਾ ਹੋਇਆ ਜਿਸ ਤੋਂ ਬਾਅਦ ਸ਼ਕਤੀ ਨੇ ਪਦਾਰਥ ਦਾ ਰੂਪ ਧਾਰਨਾ ਸ਼ੁਰੂ ਕੀਤਾ। ਇਹ ਰੂਪਾਂਤਰਣ ਦੀ ਕਿਰਿਆ ਹੁਣ ਤੱਕ ਜਾਰੀ ਹੈ। ਇੱਕ ਵੱਡਾ ਧਮਾਕਾ ਹੋਇਆ ਜਿਸ ਨਾਲ ਬ੍ਰਹਿਮੰਡ ਦੀ ਸ਼ੁਰੂਆਤ ਹੋਈ, ਉਸ ਸਮੇਂ ਤੋਂ ਲੈ ਕੇ ਹੁਣ ਤਕ ਬ੍ਰਹਿਮੰਡ ਫੈਲਦਾ ਜਾ ਰਿਹਾ ਹੈ। ਭੌਤਿਕ ਵਿਗਆਨ ਵਿੱਚ ਚਾਰ ਤਾਕਤਾਂ ਨੂੰ ਪ੍ਰਮੁੱਖ ਮੰਨਿਆ ਗਿਆ ਹੈ। ਉਨ੍ਹਾਂ ਦੇ ਨਾਂ ਹਨ: ਸਟਰੌਂਗ ਨਿਊਕਲੀਅਰ, ਵੀਕ ਨਿਊਕਲੀਅਰ, ਇਲੈਕਟ੍ਰਮੈਗਨੈਟਿਕ, ਗਰੈਵਿਟੀ। ਇਹ ਚਾਰੇ ਸ਼ਕਤੀਆਂ ਵਿੱਗ-ਬੈਂਗ ਤੋਂ ਕੁਝ ਪਲ ਮਗਰੋਂ (10-43 ਸਕਿੰਟ ਬਾਅਦ) ਇੱਕ ਸੁਪਰਸ਼ਕਤੀ ਦਾ ਰੂਪ ਧਾਰਨ ਕਰਕੇ ਵਿਚਰਨ ਲੱਗੀਆਂ। ਇਸ ਸੁਪਰ ਸ਼ਕਤੀ ਵਿੱਚੋਂ ਪਦਾਰਥ ਅਤੇ ਐਂਟੀ-ਪਦਾਰਥਾ ਦਾ ਜਨਮ ਹੋਇਆ। ਤਾਪਮਾਨ ਉਦੋਂ ਅਨੰਤਤਾ ਤਕ ਵਧਿਆ ਹੋਇਆ ਸੀ। ਅਜਿਹੇ ਤਾਪਮਾਨ ਵਿੱਚ ਪਦਾਰਥ ਅਤੇ ਐਂਟੀ-ਪਦਾਰਥ ਇੱਕ ਦੂਜੇ ਵਿੱਚ ਲੀਨ ਹੋ ਕੇ ਫਿਰ ਸ਼ਕਤੀ ਦਾ ਰੂਪ ਹੋਣ ਲੱਗੇ। ਪਦਾਰਥ ਅਤੇ ਐਂਟੀ-ਪਦਾਰਥ ਦੀ ਵੰਡ ਇੱਕੋ ਜਿਹੀ ਨਾ ਹੋ ਸਕੀ। ਇੱਕ ਖਰਬ ਹਿੱਸਿਆਂ ਵਿੱਚੋਂ ਪਦਾਰਥ ਦਾ ਇੱਕ ਹੁੱਸਾ ਦੁਬਾਰਾ ਸ਼ਕਤੀ ਦਾ ਰੂਪ ਨਾ ਲੈਂਦਾ ਹੋਇਆ ਬ੍ਰਹਿਮੰਡ ਵਿੱਚ ਫੈਲਣ ਲੱਗਾ। ਜਿਵੇਂ ਜਿਵੇਂ ਉਸ ਦਾ ਫੈਲਾਅ ਵਧਿਆ ਉਸ ਦੇ ਦੂਰ ਜਾਣ ਦੀ ਰਫ਼ਤਾਰ ਵੀ ਉਸੇ ਹਿਸਾਬ ਨਾਲ ਵਧਣ ਲੱਗੀ। ਇਸ ਫਾਲਾਅ ਨਾਲ ਬ੍ਰਹਿਮੰਡ ਦਾ ਤਾਪਮਾਨ ਘਟਣ ਲੱਗਾ। ਤਾਪਮਾਨ ਘਟਦਾ ਹੋਇਆ ਜਦੋਂ ਤਕਰੀਬਨ ਚਾਰ ਹਜ਼ਾਰ ਖਰਬ ਡਿਗਰੀ ਸੈਂਟੀਗਰੇਡ 'ਤੇ ਪਹੁੰਚਿਆ ਤਾਂ ਫੋਟਾਨ,ਨਿਊਟਰੀਨੋ, ਇਲੈਕਟ੍ਰਾਨ ਕੁਆਰਕ ਵਰਗੇ ਪਾਰਟੀਕਲਾਂ ਦਾ ਜਨਮ ਹੋਇਆ। ਤਾਪਮਾਨ ਹੋਰ ਘਟਣ ਨਾਲ (ਤਿੰਨ ਹਜ਼ਾਰ ਖਰਬ ਡਿਗਰੀ ਸੈਂਟੀਗਰੇਡ) ਕੁਆਰਕ ਆਪਸ ਵਿੱਚ ਜੁੜਨ ਲੱਗੇ। ਉਨ੍ਹਾਂ ਦੇ ਇਸ ਮਿਲਨ ਤੋਂ ਜਨਮ ਹੋਇਆ ਪ੍ਰੋਟਾਨਾਂ ਅਤੇ ਨਿਊਟ੍ਰਾਨਾਂ ਦਾ। ਇੱਕ ਤੋਂ ਤਿੰਨ ਮਿੰਟਾਂ ਬਾਅਦ ਜਦੋਂ ਤਾਪਮਾਨ ਇੱਕ ਖਰਬ ਡਿਗਰੀ ਸੈਂਟੀਗਰੇਡ 'ਤੇ ਪਹੁੰਚਿਆ ਤਾਂ ਪ੍ਰੋਟਾਨਾਂ ਅਤੇ ਨਿਊਟ੍ਰਾਨਾਂ ਦੇ ਜੋੜੇ ਮਿਲ ਕੇ ਹੀਲੀਅਮ ਨਿਊਕਲੀਅਸ ਦਾ ਰੂਪ ਅਖਤਿਆਰ ਕਰਨ ਲੱਗੇ। ਹੀਲੀਅਮ ਨਿਊਕਲੀਅਸ ਇਸ ਅਵਸਥਾ ਵਿੱਚ ਤਕਰੀਬਨ 3,00,000 ਸਾਲ ਤੱਕ ਵਿਚਰਦੇ ਰਹੇ। ਫਿਰ ਇਨ੍ਹਾਂ ਨੇ ਬ੍ਰਹਿਮੰਡ ਵਿੱਚ ਤੈਰ ਰਹੇ ਇਲੈਕਟ੍ਰਾਨਾਂ ਨੂੰ ਆਪਣੇ ਨਾਲ ਜੋੜ ਲਿਆ। ਇਸ ਤਰ੍ਹਾਂ ਹੀਲੀਅਮ ਐਟਮ ਦਾ ਜਨਮ ਹੋਇਆ। ਹੀਲੀਅਮ, ਹਾਈਡਰੋਜਨ ਆਦਿ ਵਰਗੇ ਐਟਮਾਂ ਨਾਲ ਪਦਾਰਥ ਦੇ ਹੋਂਦ ਵਿੱਚ ਆਉਣ ਦੇ ਆਸਾਰ ਬਣਨ ਲੱਗੇ। ਬ੍ਰਹਿਮੰਡ ਅਤੇ ਬ੍ਰਹਿਮੰਡੀ ਪਦਾਰਥ ਦੇ ਹੋਂਦ ਵਿੱਚ ਆਏ। ਅਤੇ ਬ੍ਰਹਿਮੰਡ ਦੀ ਇਹ ਸਿਰਜਣ ਪ੍ਰਕਿਰਿਆ ਅਤੇ ਬ੍ਰਹਿਮੰਡ ਦਾ ਫੈਲਾਅ ਲਾਗਾਤਾਰ ਜਾਰੀ ਹੈ, ਜਿਸ ਵਿੱਚ ਨਵੇਂ ਤਾਰੇ ਗ੍ਰਹਿ ਅਤੇ ਆਕਾਸ਼ ਗੰਗਾ ਬਣਦੀਆਂ ਅਤੇ ਢਹਿੰਦੀਆਂ ਰਹਿੰਦੀਆਂ ਹਨ। ( 453 ਸ਼ਬਦ)

## ਅਭਿਆਸ 23

ਕੁੰਢਾ ਸਿਉਂ ਨੇ ਐਤਕੀਂ ਇੱਕ ਭਈਆ ਸੀਰੀ ਰੱਖ ਲਿਆ। ਭਈਏ ਨੇ ਜਦੋਂ ਸੇਵਰ ਦੀ ਚਾਹ ਪੀ ਕੇ ਬੀੜੀ ਲਾਈ ਤਾਂ ਕੁੰਢਾ ਸਿਉਂ ਦਾ ਪਾਰਾ ਚੜ ਗਿਆ ਕਿਉਂਕਿ ਉਸ ਨੂੰ ਬੀੜੀ-ਸਿਗਰਟ ਤੋਂ ਸਖਤ ਨਫਰਤ ਸੀ। ਉਹ ਭਈਏ ਨੂੰ ਡਾਂਟਦਾ ਹੋਇਆ ਕਹਿਣ ਲੱਗਾ, "ਭਈਆ ਆਪ ਕੋ ਪਤਾ ਹੈ ਬੀੜੀ-ਸਿਗਰਟ ਪੀਨੇ ਸੇ ਕੈਂਸਰ ਹੋ ਜਾਤਾ ਹੈ, ਕੈਂਸਰ? ਤੁਮ ਜਾਨ ਬੂਝ ਕਰ ਮੌਤ ਕੋ ਵਾਜੇਂ ਮਾਰਤਾ ਹੈ। ਬੰਦ ਕਰੋ ਇਸ ਕੋ।" ਕੁੰਢਾ ਸਿਉਂ ਨੇ ਜਬਰਦਸਤੀ ਭਈਏ ਦੀ ਬੀੜੀ ਬੰਦ ਕਰਵਾ ਦਿੱਤੀ। ਇਹ ਭਾਸ਼ਨ ਸੁਣ ਕੇ ਕੁੰਢਾ ਸਿਉਂ ਦਾ ਲੜਕਾ ਜੋ ਕਾਲਜ ਜਾਣ ਲਈ ਪੱਗ ਬੰਨ ਰਿਹਾ ਸੀ, ਫਟਾਫਟ ਬਾਹਰ ਆਇਆ ਤੇ ਕਹਿਣ ਲੱਗਾ, "ਬਾਪੂ ਜੀ ਇਹ ਤਾਂ ਠੀਕ ਐ ਕਿ ਬੀੜੀ ਦੇ ਧੂੰਏਂ ਨਾਲ ਭਈਏ ਨੂੰ ਕੈਂਸਰ ਹੋ ਜਾਵੇਗਾ, ਪਰ ਕੱਲ ਜਿਹੜੀ ਤੁਸੀਂ 15 ਕਿੱਲੇ ਦੀ ਪਰਾਲੀ ਸਾੜ ਕੇ ਆਏ ਸੀ ਉਹਦੇ ਧੂੰਏਂ ਨਾਲ ਤਾਂ ਫਿਰ ਸੈਂਕੜੇ ਬੰਦਿਆਂ ਨੂੰ ਕੈਂਸਰ ਹੋਵੇਗਾ। ਇਹਦੇ ਬਾਰੇ ਤਾਂ ਤੁਸੀਂ ਕਦੇ ਸੋਚਿਆ ਨੀ।" ਹੁਣ ਬਾਪੂ ਲਾ-ਜਵਾਬ ਸੀ। "ਹਾਂ ਪੁੱਤਰ, ਹੁਣ ਤੱਕ ਮੈਂ ਬਹੁਤ ਵੱਡੀ ਭੁੱਲ ਕਰਦਾ ਰਿਹਾ। ਇਸ ਦਾ ਮੈਨੂੰ ਬਹੁਤ ਪਛਤਾਵਾ ਹੈ। ਪਰ ਅੱਗੇ ਤੋਂ ਮੈਂ ਖੇਤੀ ਮਾਹਰਾਂ ਨਾਲ ਵਿਚਾਰ ਕਰਕੇ ਇਸ ਦਾਕੋਈ ਠੋਸ ਹੱਲ ਲੱਭਾਂਗਾ ਤਾਂ ਕਿ ਅਸੀਂ ਵਾਤਾਵਰਨ ਨੂੰ ਹੋਰ ਪ੍ਰਦੂਸ਼ਿਤ ਹੋਣ ਤੋਂ ਬਚਾ ਸਕੀਏ।" ਮਰਿਆ ਮਨੁੱਖ "ਰਾਤੀਂ ਫੱਤੂ ਮਰ ਗਿਆ....।" ਮੂੰਹੋਂ ਮੂੰਹ ਤੁਰਦੀ ਗੱਲ ਕੰਧਾਂ ਦੇ ਕਨੇੜੇ ਚੜ੍ਹ ਪਿੰਡ 'ਚ ਫੈਲ ਗਈ। "ਚੰਗਾ ਹੋਇਆ ਛੁੱਟ ਗਿਆ ਵਿਚਾਰਾ। ਉਹ ਜਿਉਂਦਾ ਹੀ ਕਦੋਂ ਸੀ।" ਜਿੰਨੇ ਮੂੰਹ ਉਨੀਆਂ ਹੀ ਗੱਲਾਂ। ਬਹੁਤ ਵਰੇ ਪਹਿਲਾਂ ਫਤਹਿ ਸਿੰਘ ਜਦੋਂ ਗਲੀਆਂ ਵਿਚੋਂ ਲੰਘਦਾ ਤਾਂ ਕੰਧਾਂ ਸ਼ਰਮਾ ਜਾਂਦੀਆਂ। ਮੁਟਿਆਰਾਂ ਝੀਖਾਂ ਵਿਚੋਂ ਤਾੜ ਹੌਕੇ ਭਰਦੀਆਂ। ਫਿਰ ਊਠਾਂ ਘੋੜੀਆਂ ਤੇ ਫਤਹਿ ਸਿੰਘ ਨੂੰ ਵਿਆਹੁਣ ਗਏ। ਵਹੁਟੀ ਤਕਦਿਆਂ ਫਤਹਿ ਸਿੰਘ ਨੂੰ ਗਸ਼ ਜਿਹੀ ਪੈ ਗਈ। ਪੱਕਾ ਰੰਗ, ਕਰੂਪ ਚਿਹਰਾ, ਦੰਦ ਬਾਹਰ ਨੂੰ ਨਿਕਲੇ ਹੋਏ। ਪਤਾ ਨਹੀਂ ਉਸ ਹਾਲਾਤ ਨਾਲ ਕਿੰਝ ਸਮਝੌਤਾ ਕਰ ਲਿਆ। ਪਰ, ਉਸ ਅੰਦਰੋਂ ਟੀਸ ਜ਼ਰੂਰ ਉਠਦੀ। ਲੁਹਾਰਾਂ ਦੀ ਬਚਨੋ ਨੂੰ ਵੇਖ ਉਸ ਅੰਦਰੋਂ ਰੁੱਗ ਜਿਹਾ ਭਰਿਆ ਜਾਂਦਾ। ਉਹਦਾ ਮਨ ਪੱਛਿਆ ਜਾਂਦਾ ਤੇ ਉਹ ਆਪ ਮੁਹਾਰੇ ਆਖਦਾ, "ਤੀਵੀਂ ਤਾਂ ਹੋਈ ਨਾ ਐਹ...। ਮੇਰਾ ਤਾਂ ਸਾਲਾ ਨਰਕ ਹੈ...। ਕੁੰਭੀ ਨਰਕ...। ਮੈਂ ਕੋਈ ਜਿਉਨੈ....।" ਉਹ ਕੱਖ ਭੰਨ ਕੇ ਦੂਹਰਾ ਨਾ ਕਰਦਾ। ਵਧੀਆ ਕਪੜੇ ਪਹਿਨਦਾ। ਸਵੇਰੇ ਉਠਦਿਆਂ ਭੋਰਾ ਮਾਵਾ (ਅਫੀਮ) ਵੀ ਡੰਗ ਲੈਂਦਾ। ਲੋਰ ਆਉਣ ਤੇ ਲੁਹਾਰਾਂ ਦੀ ਥੜੀ ਜਾ ਮੱਲਦਾ। ਕੂੜਾ ਸੁਟਣ ਨਿਕਲੀ ਬਚਨੋ ਨੂੰ ਵੇਖ ਉਸ ਦੀ ਭੁੱਬ ਜਿਹੀ ਨਿਕਲ ਜਾਂਦੀ, "ਤੀਵੀਂ ਤਾਂ ਹੋਈ ਨਾ ਅਹਿ...। ਮੈਂ ਕੋਈ ਜਿਉਨੈ...।" ਫੇਰ ਇਹ ਸੋਚ ਉਸ ਅੰਦਰ ਹੋਰ ਡੂੰਘੀ ਧਸ ਜਾਂਦੀ। ਫਤਹਿ ਸਿੰਘ ਕਦੇ ਸਹੁਰੇ ਨਾ ਗਿਆ। ਉਸ ਦੇ ਘਰ ਵਾਲੀ ਦਸ ਦਿਨ ਲਾ ਆਪ ਹੀ ਪਰਤ ਆਉਂਦੀ। ਲੁਹਾਰਾਂ ਦੇ ਬੂਹੇ ਮੂਹਰੇ ਥੜੀ ਹੀ ਉਸ ਦਾ ਸਭ ਕੁਝ ਸੀ। ਉਹ ਅਫੀਮ ਖਾਂਦਾ ਕਦੇ ਕਦੇ ਸ਼ਾਮੀਂ ਟਿਊਬ ਵਾਲਿਆਂ ਤੋਂ ਅਧੀਆ ਪਊਆ ਵੀ ਲੈ ਲੈਂਦਾ ਲੁਹਾਰਾਂ ਦੀ ਥੜੀ ਤੇ ਮਾਣ ਨਾਲ ਕਹਿੰਦਾ, "ਮਖਿਆ ਡੇਰੇ ਅੱਜ ਜਹਾਜ਼ ਉਤਰਿਐ।" ਟਿਊਬ ਦੀ ਸ਼ਰਾਬ ਵਾਲਿਆਂ ਨੂੰ ਉਹ ਜਹਾਜ਼ ਉਤਰਿਆ ਦਸਦਾ। ਉਹ ਕੋਈ ਕੰਮ ਨਾ ਕਰਦਾ। ਨਸ਼ਿਆਂ ਵਲੋਂ ਜਦੋਂ ਤੰਗ ਹੁੰਦਾ ਤਾਂ ਸੜਕ ਉਪਰਲੇ ਕਿਲਿਆਂ ਵਿਚੋਂ ਅੰਗੂਠਾ ਲਾ ਛੱਡਦਾ। ਪਰ ਕੀ ਮਜਾਲ ਹੈ ਕਿ ਉਸ ਨੇ ਮੋਚੀ ਤੋਂ ਜੁੱਤੀ ਗੰਢਾਈ ਹੋਵੇ ਜਾਂ ਕਿਧਰੇ ਕਪੜੇ ਨੂੰ ਟਾਕੀ ਲਾਈ ਹੋਵੇ। ਪਗੜੀ ਦਾ ਕਦੇ ਮਾਇਆ ਨਾ ਲੱਥਦਾ। ਜਿਸ ਦਿਨ ਅੰਗੂਠਾ ਲਾਉਂਦਾ ਹੌਕਾ ਜ਼ਰੂਰ ਭਰਦਾ। ਲੁਹਾਰਾਂ ਦੀ ਬਚਨੋ ਨੂੰ ਉਹ ਨਿਹਾਰਦਾ ਤੇ ਹਮੇਸ਼ਾ ਆਖਦਾ, "ਤੀਵੀਂ ਤਾਂ ਹੋਈ ਨਾ ਐਹਿ ।" ਕੁਝ ਹੀ ਵਰਿਆਂ ਵਿਚ ਜ਼ਮੀਨ ਪਹਿਲਾਂ ਗੈਹਣੇ ਤੇ ਫਿਰ ਬੈਅ ਹੋ ਗਈ। ਕਿੱਲਿਆਂ ਤੋਂ ਹੌਲੀ ਹੌਲੀ ਪਸ਼ੂ ਖੁੱਲ੍ਹ ਗਏ। ਨਿਆਮੇ ਦੁੱਧ ਦੀ ਤਿੱਪ ਨੂੰ ਤਰਸਣ ਲੱਗੇ।ਹੁਣ ਉਸ ਦੀ ਪੱਗ ਨੂੰ ਮਾਇਆ ਨਾ ਲਗਦਾ। ਜੁੱਤੀ ਵੀ ਮੋਚੀ ਤੋਂ ਗੰਢ ਹੋ ਜਾਂਦੀ। ਕਈ ਵੇਰ ਉਹ ਜੁੱਤੀ ਤੋਂ ਬਿਨਾਂ ਵੀ ਸਾਰ ਲੈਂਦਾ। ਫੱਟੇਦਾਰ ਚਾਦਰ ਤੇ ਮਾਇਆ ਲੱਗੀ ਪਗੜੀ ਵਾਲੇ ਫਤਹਿ ਸਿੰਘ ਦਾ ਹਾਲ ਵੇਖ ਆਖਦੇ ਵਾਹ ਕਿਸਮਤੇ ।ਹੁਣ ਸਾਰੇ ਉਸ ਨੂੰ ਫੱਤੂ ਆਖਦੇ। ਉਹ ਨੰਗੇ ਪੈਰ ਲੁਹਾਰਾਂ ਦੀ ਥੜ੍ਹੀ ਤੇ ਜਾ ਬੈਠਦਾ। ਬਚਨੋ ਕਦੀ ਬਾਹਰ ਨਾ ਨਿਕਲਦੀ ਤਾਂ ਉਹ ਹੌਕਾ ਲੈ ਪਰਤ ਆਉਂਦਾ। ਇਕ ਸਵੇਰ, "ਰਾਤੀਂ ਫੱਤੂ ਮਰ ਗਿਆ" ਕੀ ਵਲੇਲ ਕਈ ਕੰਨੀ ਪਈ। "ਚੰਗਾ ਹੋਇਆ ਛੁੱਟ ਗਿਆ ਵਿਚਾਰਾ। ਉਹ ਜਿਉਂਦਾ ਹੀ ਕਦੋਂ ਸੀ। ਉਹ ਤਾਂ ਮਰਿਆ ਮਨੁੱਖ ਸੀ। ਜਨਾਜ਼ਾ ਲੁਹਾਰਾਂ ਦੇ ਬੂਹੇ ਅੱਗੋਂ ਲੰਘਿਆ ਤਾਂ ਬਚਨੋ ਦੇ ਕੰਨਾਂ ਨੂੰ ਸੁਣਿਆ, "ਤੀਵੀਂ ਤਾਂ ਹੋਈ ਨਾ ਐਹਿ...।" ਬਚਨੋ ਬਾਹਰ ਆਈ। ਗਲੀ ਖਾਲੀ ਸੀ। ਕੁੱਝ ਬਾਕੀ ਸੀ ਤਾਂ ਫੱਤੂ ਦੇ ਬੋਲ, "ਮੈਂ ਕੋਈ ਜਿਉਂਨੈ...।" ਹਵਾ 'ਚ ਤਾਰੀ ਸਨ। (665 ਸ਼ਬਦ)

## ਅਭਿਆਸ 17.

ਰਾਜਨੀਤਿਕ ਵਿਗਿਆਨ ਇੱਕ ਸਮਾਜਿਕ ਵਿਗਿਆਨ ਹੈ ਜੋ ਸ਼ਾਸਨ ਪ੍ਰਣਾਲੀ ਦੇ ਪ੍ਰਬੰਧਾਂ ਅਤੇ ਸਿਆਸੀ ਸਰਗਰਮੀਆਂ, ਸਿਆਸੀ ਵਿਚਾਰਾਂ ਅਤੇ ਸਿਆਸੀ ਵਿਵਹਾਰ ਦਾ ਵਿਸ਼ਲੇਸ਼ਣ ਕਰਦਾ ਹੈ। ਇਹ ਸਿਆਸਤ ਦੇ ਸਿਧਾਂਤ ਅਤੇ ਅਭਿਆਸ ਨੂੰ ਵਿਆਪਕ ਤੌਰ 'ਤੇ ਪੇਸ਼ ਕਰਦਾ ਹੈ। ਜਿਸ ਨੂੰ ਆਮ ਤੌਰ 'ਤੇ ਸ਼ਕਤੀ ਅਤੇ ਸਰੋਤਾਂ ਦੀ ਵੰਡ ਦਾ ਨਿਰਧਾਰਨ ਕਰਨ ਦੇ ਤੌਰ ਤੇ ਵਿਚਾਰਿਆ ਜਾਂਦਾ ਹੈ। ਰਾਜਨੀਤਿਕ ਵਿਗਿਆਨੀ ਸਿਆਸੀ ਘਟਨਾਵਾਂ ਅਤੇ ਹਾਲਾਤਾਂ ਦੇ ਅਧੀਨ ਸਬੰਧਾਂ ਨੂੰ ਪ੍ਰਗਟ ਕਰਨ ਲਈ ਆਪਣੇ ਆਪ ਨੂੰ ਰਚਦੇ ਹੋਏ ਦੇਖਦੇ ਹਨ, ਅਤੇ ਇਸ ਖੁਲਾਸੇ ਤੋਂ ਉਹ ਰਾਜਨੀਤੀ ਦੀ ਦੁਨੀਆਂ ਦੇ ਕੰਮ ਬਾਰੇ ਆਮ ਸਿਧਾਂਤਾਂ ਨੂੰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਆਓ ਦੇਖਦੇ ਹਾਂ ਕਿ ਇਸ ਦਾ ਮਹੱਤਵ ਕੀ ਹੈ?

ਰਾਜਨੀਤਿਕ ਵਿਗਿਆਨ ਵਿੱਚ ਮੁਕਾਬਲਤਨ ਰਾਜਨੀਤੀ, ਰਾਜਨੀਤਿਕ ਅਰਥ-ਵਿਵਸਥਾ, ਅੰਤਰ-ਰਾਸ਼ਟਰੀ ਸਬੰਧਾਂ, ਸਿਆਸੀ ਸਿਧਾਂਤ, ਜਨਤਕ ਪ੍ਰਬੰਧਨ, ਜਨਤਕ ਨੀਤੀ ਅਤੇ ਰਾਜਨੀਤਿਕ ਪ੍ਰਣਾਲੀ ਸਮੇਤ ਬਹੁਤ ਸਾਰੇ ਉਪ ਖੇਤਰ ਹਨ। ਇਸ ਤੋਂ ਇਲਾਵਾ ਰਾਜਨੀਤੀ ਵਿਗਿਆਨ, ਅਰਥ ਸ਼ਾਸਤਰ, ਕਾਨੂੰਨ ਵਿਵਸਥਾ, ਸਮਾਜ ਸ਼ਾਸਤਰ, ਇਤਿਹਾਸ, ਫ਼ਲਸਫ਼ੇ, ਭੂਗੋਲ, ਮਨੋਵਿਗਿਆਨ, ਅਤੇ ਮਾਨਵ ਸ਼ਾਸਤਰ ਦੇ ਖੇਤਰਾਂ ਨਾਲ ਜੁੜੇ ਹੋਏ ਹਨ ਅਤੇ ਇਹਨਾਂ ਉਤੇ ਆਧਾਰਿਤ ਹਨ। ਤੁਲਨਾਤਮਕ ਰਾਜਨੀਤੀ ਵੱਖੋ-ਵੱਖਰੇ ਸੰਵਿਧਾਨਿਕ, ਸਿਆਸੀ ਆਦਾਕਾਰਾਂ, ਵਿਧਾਨ ਸਭਾ ਅਤੇ ਸੰਬੰਧਿਤ ਖੇਤਰਾਂ ਦੀ ਤੁਰਨਾ ਕਰਨ ਦਾ ਵਿਗਿਆਨ ਹੈ, ਜੋ ਸਾਰੇ ਹੀ ਇੱਕ ਅੰਦਰੂਨੀ ਦ੍ਰਿਸ਼ਟੀਕੋਣ ਤੋਂ ਹਨ। ਅੰਤਰਰਾਸ਼ਟਰੀ ਸਬੰਧ, ਰਾਸ਼ਟਰ-ਰਾਜਾਂ ਦੇ ਨਾਲ-ਨਾਲ ਅੰਤਰ-ਸਰਕਾਰੀ ਅਤੇ ਕੌਮਾਂਤਰੀ ਸੰਸਥਾਵਾਂ ਵਿਚਕਾਰ ਆਪਸੀ ਮੇਲ-ਜੋਲ ਨਾਲ ਨਜਿੱਠਦੇ ਹਨ। ਸਿਆਸੀ ਸਿਧਾਂਤ ਵੱਖ ਵੱਖ ਸ਼ਾਸਤਰੀ ਅਤੇ ਸਮਕਾਲੀ ਵਿਚਾਰਕਾਂ ਅਤੇ ਦਾਰਸ਼ਨਕਾਂ ਦੇ ਯੋਗਦਾਨ ਨਾਲ ਵਧੇਰੇ ਸਬੰਧਤ ਹੈ। ਰਾਜਨੀਤਿਕ ਵਿਗਿਆਨ ਵਿਧੀਗਤ ਰੂਪ ਵਿੱਚ ਭਿੰਨਤਾ ਰੱਖਦਾ ਹੈ ਅਤੇ ਸਮਾਜਕ ਖੋਜ ਵਿੱਚ ਆਉਣ ਵਾਲੇ ਕਈ ਤਰੀਕਿਆਂ ਨੂੰ ਲਾਗੂ ਕਰਦਾ ਹੈ। ਵਿਚਾਰਾਂ ਵਿੱਚ ਯਥਾਰਥਵਾਦ, ਅਰਥਸ਼ਾਸਤਰਵਾਦ, ਤਰਕਸ਼ੀਲ ਚੋਣ ਸਿਧਾਂਤ, ਵਿਵਹਾਰਵਾਦ, ਸੰਸਥਾਗਤ ਰੂਪ, ਪੋਸਟ-ਸਟ੍ਰਕਚਰਵਾਦ, ਸੰਸਥਾਗਤਤਾ ਅਤੇ ਬਹੁਲਵਾਦ ਸ਼ਾਮਲ ਹਨ। ਰਾਜਨੀਤਿਕ ਵਿਗਿਆਨ, ਸਮਾਜਿਕ ਵਿਗਿਆਨ ਦੇ ਰੂਪ ਵਿੱਚ ਖੋਜ ਅਤੇ ਪੁੱਛ-ਪੜਤਾਲ ਦੇ ਪ੍ਰਕਾਰ ਨਾਲ ਸੰਬੰਧਿਤ ਤਰੀਕਿਆਂ ਅਤੇ ਤਕਨੀਕਾਂ ਦੀ ਵਰਤੋਂ ਕਰਦਾ ਹੈ। ਪ੍ਰਮੁੱਖ ਦਸਤਾਵੇਜ਼ ਜਿਵੇਂ ਕਿ ਇਤਿਹਾਸਕ ਦਸਤਾਵੇਜ਼ ਅਤੇ ਸਰਕਾਰੀ ਰਿਕਾਰਡ, ਵਿਦਵਤਾਵਾਦੀ ਜਰਨਲ ਲੇਖਾਂ, ਸਰਵੇਖਣ ਖੋਜ, ਅੰਕੜਾ ਵਿਸ਼ਲੇਸ਼ਣ, ਕੇਸ ਅਧਿਐਨ, ਪ੍ਰਯੋਗਾਤਮਕ ਖੋਜ ਅਤੇ ਮਾਡਲ ਦੀ ਨਿਰਮਾਣ ਇਸ ਲਈ ਕੱਚਾ ਮਾਲ ਹਨ। ਰਾਜਨੀਤਕ ਵਿਗਿਆਨੀ ਫੈਸਲੇ ਲੈਣ ਵਿਚ ਸ਼ਕਤੀਆਂ ਦੀ ਵੰਡ ਅਤੇ ਤਬਾਦਲੇ ਸੰਬੰਧੀ ਮਸਲਿਆਂ ਦਾ ਅਧਿਐਨ ਕਰਦੇ ਹਨ, ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਗਠਨਾਂ, ਸਿਆਸੀ ਵਿਹਾਰ ਅਤੇ ਜਨਤਕ ਨੀਤੀਆਂ ਸਮੇਤ ਸ਼ਾਸਨ ਦੇ ਖੇਤਰ ਅਤੇ ਰੋਲ ਦੀ ਗੱਲ ਕਰਦੇ ਹਨ । ਉਹ ਪ੍ਰਸ਼ਾਸਨ ਅਤੇ ਵਿਸ਼ੇਸ਼ ਨੀਤੀਆਂ ਦੀ ਸਫਲਤਾ ਨੂੰ ਮਾਪਦੇ ਹਨ ਜਿਸ ਵਿੱਚ ਸਥਿਰਤਾ, ਨਿਆਂ, ਧਨ ਦੌਲਤ, ਸ਼ਾਂਤੀ ਅਤੇ ਜਨ ਸਿਹਤ ਵਰਗੇ ਕਈ ਕਾਰਕਾਂ ਦੀ ਜਾਂਚ ਕੀਤੀ ਜਾਂਦੀ ਹੈ। ਕੁਝ ਰਾਜਨੀਤਕ ਵਿਗਿਆਨੀ ਰਾਜਨੀਤੀ ਦਾ ਵਿਸ਼ਲੇਸ਼ਣ ਕਰ ਕੇ ਸਕਾਰਾਤਮਕ ਹੱਲ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ (ਇਹ ਵਰਣਨ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਕਿਵੇਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ, ਜਿਵੇਂ ਕਿ ਉਹ ਕਿਵੇਂ ਹੋਣੀਆਂ ਚਾਹੀਦੀਆਂ ਹਨ). ਕੁਝ ਖਾਸ ਨੀਤੀਗਤ ਸਿਫਾਰਸ਼ਾਂ ਦੇ ਕੇ, ਆਦਰਸ਼ ਵਿਸ਼ੇਸ਼ਤਾਵਾਂ ਨੂੰ ਅੱਗੇ ਵਧਾਉਂਦੇ ਹਨ।

ਸਿਆਸੀ ਵਿਗਿਆਨੀ ਫਰੇਮਵਰਕ ਪ੍ਰਦਾਨ ਕਰਦੇ ਹਨ, ਜਿਸ ਵਿਚ ਪੱਤਰਕਾਰਾਂ, ਖਾਸ ਦਿਲਚਸਪੀ ਸਮੂਹਾਂ, ਸਿਆਸਤਦਾਨਾਂ, ਅਤੇ ਚੋਣਕਰਤਾ ਵਿਸ਼ਲੇਸ਼ਣ ਕਰਦੇ ਹਨ। (425 ਸ਼ਬਦ)

# ਅਭਿਆਸ 22

ਲੋਕ-ਕਿੱਤੇ ਜਾਂ ਲੋਕ-ਧੰਦੇ ਸਮਾਨਰਥਕ ਸ਼ਬਦ ਹਨ। ਕਿੱਤਾ ਸ਼ਬਦ 'ਕਿਰਤ' ਸ਼ਬਦ ਦਾ ਹੀ ਸੰਖੇਪ ਰੂਪ ਹੈ ਅਤੇ ਲੋਕ-ਕਿੱਤਿਆਂ ਤੋਂ ਭਾਵ ਉਹ ਕਿਰਤ ਹੈ, ਜਿਹੜੀ ਲੋਕ ਆਪਣੇ ਹੱਥਾਂ ਨਾਲ ਕਰਦੇ ਹਨ। ਭਾਵੇਂ ਹੱਥਾਂ ਨਾਲ ਤਾਂ ਮਨੁੱਖ ਹਰ ਕਾਰਜ ਹੀ ਕਰਦਾ ਹੈ, ਜਿਵੇਂ ਲਿਖਣਾ, ਮਸ਼ੀਨਾਂ ਚਲਾਉਣੀਆਂ ਜਾਂ ਹੋਰ ਬਹੁਤ ਸਾਰੇ ਕੰਮ, ਪਰੰਤੂ ਅਜਿਹੇ ਕੰਮ ਲੋਕ-ਕਿੱਤਿਆਂ ਦੇ ਖੇਤਰ ਵਿੱਚ ਨਹੀਂ ਆਉਂਦੇ ਕਿੳਂਕਿ ਕਿੱਤੇ ਸ਼ਬਦ ਨੇ ਆਪਣੇ ਆਪ ਵਿੱਚ ਇੱਕ ਨਿਸ਼ਚਿਤ ਅਰਥਾਂ ਨੂੰ ਗ੍ਰਹਿਣ ਕਰ ਲਿਆ ਹੈ, ਜਿਸ ਤੋਂ ਭਾਵ ਉਪਜੀਵਕਾ ਦਾ ਉਹ ਸਾਧਨ ਹੈ ਜੀਹਦੇ ਵਿੱਚ ਮਸ਼ੀਨਾਂ ਜਾਂ ਸੰਦਾਂ ਦੀ ਵਰਤੋਂ ਨਾ ਕੀਤੀ ਗਈ ਹੋਵੇ। ਜੇਕਰ ਕਿਧਰੇ ਸੰਦਾਂ ਦੀ ਵਰਤੋਂ ਹੋਵੇ ਵੀ ਤਾਂ ਉਹ ਬੜੀ ਸੀਮਤ ਹੋਵੇ ਅਤੇ ਅਜਿਹੇ ਸੰਦ ਵੀ ਆਮ ਤੌਰ ਤੇ ਸਥਾਨਕ ਪੱਧਰ ਉੱਤੇ ਮਨੁੱਖੀ ਹੱਥਾਂ ਨਾਲ ਹੀ ਘੱਟ ਤੋਂ ਘੱਟ ਸ਼ਕਤੀ ਲਗਾ ਕੇ ਬਣਾਏ ਗਏ ਹੋਣ।

ਧੰਦੇ ਦਾ ਅਰਥ ਵੀ ਕੋਈ ਕੰਮ-ਕਾਜ ਹੀ ਹੈ ਜਿਸ ਦੁਆਰਾ ਮਨੁੱਖ ਆਪਣੇ ਅਤੇ ਆਪਣੇ ਪਰਿਵਾਰ ਦੇ ਰਹਿਣ ਸਹਿਣ ਅਤੇ ਖਾਣ-ਪੀਣ ਲਈ ਵਸਤੂਆਂ ਅਤੇ ਧਨ ਦਾ ਪ੍ਰਬੰਧ ਕਰਦਾ ਹੈ। ਇਸ ਤਰ੍ਹਾਂ ਧੰਦੇ ਤੋਂ ਭਾਵ ਉਹ ਕਿਰਤ ਹੈ ਜਿਸ ਤੋਂ ਧਨ ਦੀ ਪ੍ਰਾਪਤੀ ਹੋਵੇ। ਪਰੰਤੂ ਧਨ ਦੀ ਪ੍ਰਾਪਤੀ ਤਾਂ ਹਰ ਉਸ ਕਰਜ ਵਿੱਚੋਂ ਹੁੰਦੀ ਹੈ ਜਿਹੜਾ ਕਿਸੇ ਸ਼ਰਤ ਅਧੀਨ ਜਾਂ ਕਿਸੇ ਇਵਜ਼ ਵਿੱਚ ਕੀਤਾ ਜਾਵੇ। ਫਿਰ ਇਸ ਪਰਿਭਾਸ਼ਾ ਵਿੱਚ ਡਾਕਟਰ, ਵਕੀਲ, ਜੱਜ, ਅਧਿਆਪਕ, ਪਾਇਲਟ ਅਤੇ ਡਰਾਇਵਰਾਂ ਸਮੇਤ ਸਿਨੇਮਾਂ ਉਪਰੇਟਰ, ਫ਼ਿਲਮੀ ਕਲਾਕਾਰ ਆਦਿ ਵੀ ਆ ਜਾਣਗੇ। ਇਸ ਲਈ ਅਸੀਂ ਇਸ ਸ਼ਬਦ 'ਕਿੱਤੇ' ਜਾਂ 'ਧੰਦੇ' ਨਾਲ 'ਲੋਕ' ਸ਼ਬਦ ਲਗਾ ਕੇ ਇਸ ਦੇ ਖੇਤਰ ਨੂੰ ਨਿਸਚਿਤ ਕਰ ਲਿਆ ਹੈ। 'ਲੋਕ' ਤੋਂ ਭਾਵ ਲੋਕਾਂ ਦਾ ਉਹ ਇਕੱਠ ਹੈ ਜਿਨ੍ਹਾਂ ਦੀ ਭਾਸ਼ਾ, ਧਰਮ ਜਾਂ ਕਿੱਤੇ ਵਿੱਚੋਂ ਘੱਟੋ ਘੱਟ ਇੱਕ ਪਰੰਪਰਾਗਤ ਸੱਭਿਆਚਾਰਿਕ ਸਾਂਝ ਜ਼ਰੂਰ ਹੋਵੇ।

ਸ਼ਿਲਪ ਅਤੇ ਕਲਾ ਨੂੰ ਮਿਲਾ ਕੇ ਜਦੋਂ ਕੋਈ ਉਪਜੀਵਕਾ ਦਾ ਸਾਧਨ ਅਪਣਾਇਆ ਜਾਂਦਾ ਹੈ ਤਾਂ ਇਹ ਇੱਕ ਕਿੱਤਾ ਬਣ ਜਾਂਦਾ ਹੈ। ਇੰਞ 'ਲੋਕ-ਕਿੱਤੇ' ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਲੋਕ-ਕਿੱਤੇ ਤੋਂ ਭਾਵ ਲੋਕਾਂ ਦੁਆਰਾ ਅਪਣਾਏ ਗਏ ਸ਼ਿਲਪ ਤੇ ਕਲਾ ਦੇ ਸੁਮੇਲ ਤੋਂ ਬਣੇ ਉਸ ਕਿਰਤ ਸਾਧਨ ਤੋਂ ਹੈ ਜੀਹਦੇ ਨਾਲ ਉਹ ਆਪਣੀ ਉਪਜੀਵਕਾ ਕਮਾਉਂਦੇ ਹਨ। ਲੋਕ-ਕਿੱਤਾ ਵਿਅਕਤੀਗਤ ਹੁੰਦਾ ਹੋਇਆ ਵੀ ਸਮੂਹਿਕ ਸਿਰਜਣਾ ਦਾ ਦਰਜਾ ਲੈ ਲੈਂਦਾ ਹੈ। ਕਿੱਤੇ ਜਾਂ ਧੰਦੇ ਵਿੱਚ ਇੱਕ ਖਾਸ ਉਸਤਾਦੀ ਵੀ ਹੁੰਦੀ ਹੈ ਜਿਹੜੀ ਹੱਥ ਦੀ ਕਲਾ ਨਾਲ ਸਿਰਜੀ ਜਾਂਦੀ ਹੈ। ਇੰਵ ਇਹ ਉਹ ਦਸਤਕਾਰੀ ਵੀ ਬਣ ਜਾਂਦੀ ਹੈ ਜੀਹਦੇ ਨਾਲ ਕੋਈ ਕਾਮਾ ਆਪਣੀ ਰੋਜੀ ਕਮਾਉਂਦਾ ਹੈ। ਇਸ ਤਰ੍ਹਾਂ ਪੰਜਾਬੀ ਸੱਭਿਆਚਾਰ ਵਿੱਚ ਉਹ ਸਾਰੇ ਲੋਕ ਜਿਹੜੇ ਆਪਣੀ ਰੋਜ਼ੀ-ਰੋਟੀ ਲਈ ਵੱਖ-ਵੱਖ ਧੰਦਿਆਂ ਵਿੱਚ ਲੱਗੇ ਹੋਏ ਹਨ ਲੋਕ-ਕਿੱਤਾਕਾਰ ਕਹਾਉਂਦੇ ਹਨ, ਜਿਵੇਂ ਲੁਹਾਰ, ਤਰਖਾਣ, ਸੁਨਿਆਰ, ਚਮਿਆਰ, ਠਠਿਆਰ, ਜੁਲਾਹੇ, ਛੀਂਬੇ, ਨਾਈ, ਬਾਜ਼ੀਗਰ, ਝੀਉਰ, ਦਰਜੀ ਆਦਿ।

ਇਹਨਾਂ ਲੋਕ-ਕਿੱਤਿਆਂ ਨੂੰ ਕਰਨ ਵਾਲੇ ਨੂੰ ਅਸੀਂ ਦੋ ਵਰਗਾਂ ਵਿੱਚ ਵੰਡ ਸਕਦੇ ਹਾਂ। ਇਹਨਾ ਵਿੱਚ ਕੁਝ ਲੋਕ ਤਾਂ ਅਜਿਹੇ ਕਿੱਤੇ ਕਰਦੇ ਹਨ ਜਿਹਨਾਂ ਵਿੱਚ ਕਿਸੇ ਨਾ ਕਿਸੇ ਸਮੱਗਰੀ ਦੀ ਵਰਤੋਂ ਹੁੰਦੀ ਹੈ। ਦੂਜੇ ਉਹ ਲੋਕ ਹਨ ਜਿਹੜੇ ਕੇਵਲ ਸਰੀਰਕ ਕਿਰਿਆਵਾਂ ਨਾਲ ਜਾਂ ਛੋਟੇ-ਮੋਟੇ ਔਜ਼ਾਰਾ ਨਾਲ ਹੀ ਕੰਮ ਕਰਕੇ ਆਪਣਾ ਨਿਰਬਾਹ ਕਰਦੇ ਹਨ। ਉਦਾਹਰਨ ਵਜੋਂ ਬਾਜ਼ੀਗਰ ਬਾਜ਼ੀਆਂ ਪਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ, ਸਾਂਹਸੀ ਜਾਂ ਮਿਰਾਸੀ ਖ਼ੁਸ਼ੀ ਦੇ ਮੌਕਿਆਂ ਤੇ ਲੋਕਾਂ ਦੇ ਘਰਾਂ ਵਿੱਚ ਜਾ ਕੇ ਜਾਂ ਮੇਲੇ-ਤਿਉਹਾਰਾਂ ਉੱਪਰ ਨਕਲ ਕਰਕੇ ਜਾਂ ਲੋਕਾਂ ਦੀ ਉਸਤਤ ਕਰਕੇ ਧਨ ਕਮਾਉਂਦੇ ਹਨ। ਨਿਸ਼ਚੇ ਹੀ ਅਜਿਹੇ ਕੰਮਾਂ ਲਈ ਕਲਾਕਾਰ ਜਾਂ ਕਾਰੀਗਰ ਵਿੱਚ ਪਰਿਪੱਕ ਸੂਝ, ਸਖ਼ਤ ਮਿਹਨਤ ਅਤੇ ਕਾਰਜ-ਕੁਸ਼ਲਤਾ ਦੀ ਬੜੀ ਭਾਰੀ ਲੋੜ ਰਹਿੰਦੀ ਹੈ। (503 ਸ਼ਬਦ)

**ਅਭਿਆਸ 18.**

ਭਾਰਤ, ਸੰਸਦੀ ਪ੍ਰਣਾਲੀ ਦੀ ਸਰਕਾਰ ਵਾਲਾ ਇੱਕ ਆਜਾਦ, ਪ੍ਰਭੁਸੱਤਾਸੰਪੰਨ, ਸਮਾਜਵਾਦੀ ਲੋਕਤੰਤਰਾਤਮਕ ਲੋਕ-ਰਾਜ ਹੈ। ਇਹ ਲੋਕ-ਰਾਜ ਭਾਰਤ ਦੇ ਸੰਵਿਧਾਨ ਦੇ ਅਨੁਸਾਰ ਸ਼ਾਸਿਤ ਹੈ। ਭਾਰਤ ਦਾ ਸੰਵਿਧਾਨ ਸੰਵਿਧਾਨ ਸਭਾ ਦੁਆਰਾ 26 ਨਵੰਬਰ 1949 ਨੂੰ ਪਾਰਿਤ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਹੋਇਆ। 26 ਜਨਵਰੀ ਦਾ ਦਿਨ ਭਾਰਤ ਵਿੱਚ ਗਣਤੰਤਰ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਮੰਤਰੀ ਪਰਿਸ਼ਦ ਸਮੂਹਿਕ ਤੌਰ ਤੇ ਲੋਕ ਸਭਾ ਪ੍ਰਤੀ ਉੱਤਰਦਾਈ ਹੈ। ਹਰੇਕ ਰਾਜ ਵਿੱਚ ਇੱਕ ਵਿਧਾਨ ਸਭਾ ਹੈ। ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਬਿਹਾਰ, ਮਹਾਰਾਸ਼ਟਰ, ਕਰਨਾਟਕ ਅਤੇ ਆਂਧਰਪ੍ਰਦੇਸ਼ ਵਿੱਚ ਇੱਕ ਉੱਪਰੀ ਸਦਨ ਹੈ ਜਿਸਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਰਾਜਪਾਲ ਰਾਜ ਦਾ ਪ੍ਰਮੁੱਖ ਹੈ। ਹਰੇਕ ਰਾਜ ਦਾ ਇੱਕ ਰਾਜਪਾਲ ਹੋਵੇਗਾ ਅਤੇ ਰਾਜ ਦੀ ਕਾਰਜਕਾਰੀ ਸ਼ਕਤੀ ਉਸ ਕੋਲ ਹੋਵੇਗੀ। ਮੰਤਰੀ ਪਰਿਸ਼ਦ, ਜਿਸਦਾ ਪ੍ਰਮੁੱਖ ਮੱੁਖ ਮੰਤਰੀ ਹੈ, ਰਾਜਪਾਲ ਨੂੰ ਉਸਦੇ ਕਾਰਜਕਾਰੀ ਕੰਮਾਂ ਦੇ ਨਿਸ਼ਪਾਦਨ ਵਿੱਚ ਸਲਾਹ ਦਿੰਦੀ ਹੈ। ਰਾਜ ਦੀ ਮੰਤਰੀ ਪਰਿਸ਼ਦ ਸਮੂਹਕ ਤੌਰ ਤੇ ਰਾਜ ਦੀ ਵਿਧਾਨ ਸਭਾ ਦੇ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੀਆਂ ਸੱਤਵੀਂ ਅਨੁਸੂਚੀ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਵਿਧਾਨਕ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਅਵਸ਼ਿਸ਼ਟ ਸ਼ਕਤੀਆਂ ਸੰਸਦ ਕੋਲ ਹਨ। ਕੇਂਦਰੀ ਪ੍ਰਸ਼ਾਸਿਤ ਇਲਾਕਿਆਂ ਨੂੰ ਸੰਘ ਰਾਜ ਖੇਤਰ ਕਿਹਾ ਜਾਂਦਾ ਹੈ। ਦੂਜਾ ਵਿਸ਼ਵ ਯੁੱਧ ਦੇ ਅੰਤ ਦੇ ਬਾਅਦ ਜੁਲਾਈ ੧੯੪੫ ਵਿੱਚ ਬ੍ਰਿਟੇਨ ਨੇ ਭਾਰਤ ਸੰਬੰਧੀ ਆਪਣੀ ਨਵੀਂ ਨੀਤੀ ਦੀ ਘੋਸ਼ਣਾ ਕੀਤੀ ਅਤੇ ਭਾਰਤ ਦੀ ਸੰਵਿਧਾਨ ਸਭਾ ਦੇ ਨਿਰਮਾਣ ਲਈ ਇੱਕ ਕੈਬੀਨਟ ਮਿਸ਼ਨ ਭਾਰਤ ਭੇਜਿਆ ਜਿਸ ਵਿੱਚ ੩ ਮੰਤਰੀ ਸਨ। ੧੫ ਅਗਸਤ ੧੯੪੭ ਨੂੰ ਭਾਰਤ ਦੇ ਆਜਾਦ ਹੋ ਜਾਣ ਦੇ ਬਾਅਦ ਸੰਵਿਧਾਨ ਸਭਾ ਦੀ ਘੋਸ਼ਣਾ ਹੋਈ ਅਤੇ ਇਸਨੇ ਆਪਣਾ ਕਾਰਜ ੯ ਦਿਸੰਬਰ ੧੯੪੬ ਤੋਂ ਸ਼ੁਰੂ ਕਰ ਦਿੱਤਾ। ਸੰਵਿਧਾਨ ਸਭਾ ਦੇ ਮੈਂਬਰ ਭਾਰਤ ਦੇ ਰਾਜਾਂ ਦੀਆਂ ਸਭਾਵਾਂ ਦੇ ਚੁਣੇ ਹੋਏ ਮੈਬਰਾਂ ਦੇ ਦੁਆਰਾ ਚੁਣੇ ਗਏ ਸਨ। ਜਵਾਹਰਲਾਲ ਨੇਹਰੂ, ਡਾ ਰਾਜੇਂਦਰ ਪ੍ਰਸਾਦ, ਸਰਦਾਰ ਵੱਲਭ ਭਾਈ ਪਟੇਲ, ਸ਼ਿਆਮਾ ਪ੍ਰਸਾਦ ਮੁਖਰਜੀ, ਮੌਲਾਨਾ ਅਬੁਲ ਕਲਾਮ ਆਜ਼ਾਦ ਆਦਿ ਇਸ ਸਭਾ ਦੇ ਪ੍ਰਮੁੱਖ ਮੈਂਬਰ ਸਨ। ਇਸ ਸੰਵਿਧਾਨ ਸਭਾ ਨੇ ੨ ਸਾਲ ੧੧ ਮਹੀਨੇ, ੧੮ ਦਿਨ ਵਿੱਚ ਕੁਲ ੧੬੬ ਦਿਨ ਬੈਠਕਾਂ ਕੀਤੀਆਂ। ਇਸਦੀ ਬੈਠਕਾਂ ਵਿੱਚ ਪ੍ਰੈੱਸ ਅਤੇ ਜਨਤਾ ਨੂੰ ਭਾਗ ਲੈਣ ਦੀ ਸੁਤੰਤਰਤਾ ਸੀ। ਭਾਰਤ ਦੇ ਸੰਵਿਧਾਨ ਦੇ ਨਿਰਮਾਣ ਵਿੱਚ ਡਾ. ਭੀਮਰਾਓ ਅੰਬੇਦਕਰ ਨੇ ਮਹੱਤਵਪੂਰਣ ਭੂਮਿਕਾ ਨਿਭਾਈ, ਇਸ ਲਈ ਉਨ੍ਹਾਂ ਨੂੰ ਸੰਵਿਧਾਨ ਦਾ ਨਿਰਮਾਤਾ ਕਿਹਾ ਜਾਂਦਾ ਹੈ। ਸੰਵਿਧਾਨ ਦੇ ਉਦੇਸ਼ਾਂ ਨੂੰ ਜ਼ਾਹਰ ਕਰਨ ਹੇਤੂ ਆਮ ਤੌਰ ਤੇ ਉਨ੍ਹਾਂ ਨੂੰ ਪਹਿਲਾਂ ਇੱਕ ਪ੍ਰਸਤਾਵਨਾ ਪੇਸ਼ ਕੀਤੀ ਜਾਂਦੀ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਅਮਰੀਕੀ ਸੰਵਿਧਾਨ ਤੋਂ ਪ੍ਰਭਾਵਿਤ ਅਤੇ ਸੰਸਾਰ ਵਿੱਚ ਸਭ ਤੋਂ ਉੱਤਮ ਮੰਨੀ ਜਾਂਦੀ ਹੈ। ਪ੍ਰਸਤਾਵਨਾ ਦੇ ਮਾਧਿਅਮ ਨਾਲ ਭਾਰਤੀ ਸੰਵਿਧਾਨ ਦਾ ਸਾਰ, ਅਪੇਖਿਆਵਾਂ, ਉਦੇਸ਼ ਉਸਦਾ ਲਕਸ਼ ਅਤੇ ਦਰਸ਼ਨ ਜ਼ਾਹਰ ਹੁੰਦਾ ਹੈ। ਪ੍ਰਸਤਾਵਨਾ ਇਹ ਘੋਸ਼ਣਾ ਕਰਦੀ ਹੈ ਕਿ ਸੰਵਿਧਾਨ ਆਪਣੀ ਸ਼ਕਤੀ ਸਿੱਧੇ ਜਨਤਾ ਤੋਂ ਪ੍ਰਾਪਤ ਕਰਦਾ ਹੈ ਇਸ ਕਾਰਨ ਇਹ 'ਅਸੀ ਭਾਰਤ ਦੇ ਲੋਕ' ਇਸ ਵਾਕ ਨਾਲ ਸ਼ੁਰੂ ਹੁੰਦੀ ਹੈ। ਕੇਹਰ ਸਿੰਘ ਬਨਾਮ ਭਾਰਤ ਸੰਘ ਦੇ ਵਿਵਾਦ ਵਿੱਚ ਕਿਹਾ ਗਿਆ ਸੀ ਕਿ ਸੰਵਿਧਾਨ ਸਭਾ ਭਾਰਤੀ ਜਨਤਾ ਦਾ ਸਿੱਧਾ ਤਰਜਮਾਨੀ ਨਹੀ ਕਰਦੀ ਇਸ ਲਈ ਸੰਵਿਧਾਨ ਢੰਗ ਦੀ ਵਿਸ਼ੇਸ਼ ਅਨੁਕ੍ਰਿਪਾ ਪ੍ਰਾਪਤ ਨਹੀ ਕਰ ਸਕਦਾ, ਪਰ ਅਦਾਲਤ ਨੇ ਇਸਨੂੰ ਖਾਰਿਜ ਕਰਦੇ ਹੋਏ ਸੰਵਿਧਾਨ ਨੂੰ ਸੁਪਰੀਮ ਮੰਨਿਆ ਹੈ ਜਿਸ ਉੱਤੇ ਕੋਈ ਕਿੰਤੂ ਨਹੀ ਕੀਤਾ ਜਾ ਸਕਦਾ ਹੈ।

ਸੰਵਿਧਾਨ ਦੀ ਪ੍ਰਸਤਾਵਨਾ : ਅਸੀ ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਣ ਪ੍ਰਭੁਤਵ ਸੰਪੰਨ, ਸਮਾਜਵਾਦੀ, ਪੰਥਨਿਰਪੱਖ, ਲੋਕਤੰਤਰੀ ਲੋਕ-ਰਾਜ ਬਣਾਉਣ ਲਈ ਅਤੇ ਉਸਦੇ ਕੁਲ ਨਾਗਰਿਕਾਂ ਨੂੰ : ਸਾਮਾਜਕ, ਆਰਥਕ ਅਤੇ ਰਾਜਨੀਤਕ ਨਿਆਂ, ਵਿਚਾਰ, ਪਰਕਾਸ਼ਨ, ਵਿਸ਼ਵਾਸ, ਧਰਮ ਅਤੇ ਉਪਾਸਨਾ ਦੀ ਅਜਾਦੀ, ਪ੍ਰਤਿਸ਼ਠਾ ਅਤੇ ਮੌਕੇ ਦੀ ਸਮਤਾ ਪ੍ਰਾਪਤ ਕਰਨ ਲਈ ਅਤੇ ਉਨ੍ਹਾਂ ਸਭ ਵਿੱਚ ਵਿਅਕਤੀ ਦੀ ਗਰਿਮਾ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਸੁਨਿਸਚਿਤ ਕਰਨ ਵਾਲੀ ਬੰਧੁਤਾ ਵਧਾਉਣ ਲਈ ਦ੍ਰਿੜ ਸੰਕਲਪ ਹੋਕੇ ਆਪਣੀ ਇਸ ਸੰਵਿਧਾਨ ਸਭਾ ਵਿੱਚ ਅੱਜ ਤਾਰੀਖ 26 ਨਵੰਬਰ, 1949 ਈ (ਮਿਤੀ ਮਾਰਗ ਸ਼ੀਰਸ਼ ਸ਼ੁਕਲ ਸਪਤਮੀ, ਸੰਵਤ ਦੋ ਹਜਾਰ ਛੇ ਵਿਕਰਮੀ) ਨੂੰ ਏਤਦ ਦੁਆਰਾ ਇਸ ਸੰਵਿਧਾਨ ਨੂੰ ਪ੍ਰਵਾਣਤ, ਅਧਿਨਿਅਮਿਤ ਅਤੇ ਆਤਮ ਅਰਪਿਤ ਕਰਦੇ ਹਾਂ । (571 ਸ਼ਬਦ)

# ਅਭਿਆਸ 21.

ਹਵਾ ਪ੍ਰਦੂਸ਼ਣ ਉਦੋਂ ਵਾਪਰਦਾ ਹੈ ਜਦੋਂ ਧਰਤੀ ਦੇ ਵਾਯੂਮੰਡਲ ਵਿਚ ਗੈਸਾਂ, ਧਾਤੂਆਂ ਅਤੇ ਜੈਵਕ ਅਣੂਆਂ ਸਮੇਤ ਪਦਾਰਥਾਂ ਦੇ ਨੁਕਸਾਨਦੇਹ ਜਾਂ ਜ਼ਿਆਦਾ ਮਾਤਰਾਵਾਂ ਹੁੰਦੀਆਂ ਹਨ। ਇਸ ਨਾਲ ਰੋਗ, ਅਲਰਜੀ ਅਤੇ ਮਨੁੱਖਾਂ ਦੀ ਮੌਤ ਵੀ ਹੋ ਸਕਦੀ ਹੈ; ਇਸ ਨਾਲ ਜਾਨਵਰਾਂ ਅਤੇ ਖਾਣੇ ਦੀ ਫਸਲ ਵਰਗੇ ਹੋਰ ਜੀਵਤ ਪ੍ਰਾਣੀਆਂ ਨੂੰ ਵੀ ਨੁਕਸਾਨ ਹੋ ਸਕਦਾ ਹੈ, ਅਤੇ ਕੁਦਰਤੀ ਜਾਂ ਨਿਰਮਾਣ ਮਾਹੌਲ ਨੂੰ ਨੁਕਸਾਨ ਪਹੁੰਚ ਸਕਦਾ ਹੈ। ਮਨੁੱਖੀ ਗਤੀਵਿਧੀ ਅਤੇ ਕੁਦਰਤੀ ਪ੍ਰਕਿਰਿਆ ਦੋਵੇਂ ਹਵਾ ਪ੍ਰਦੂਸ਼ਣ ਪੈਦਾ ਕਰ ਸਕਦੇ ਹਨ। 2008 ਬਲੈਕਸਮਿਥ ਸੰਸਥਾਪਿਤ ਦੁਆਰਾ ਵਿਸ਼ਵ ਦੇ ਸਭ ਤੋਂ ਭਿਆਨਕ ਸਥਾਨਾਂ ਦੀ ਰਿਪੋਰਟ ਵਿੱਚ ਦੁਨੀਆ ਦੇ ਸਭ ਤੋਂ ਬੁਰਾ ਜ਼ਹਿਰੀਲੇ ਪ੍ਰਦੂਸ਼ਣ ਦੀਆਂ ਸਮੱਸਿਆਵਾਂ ਵਿੱਚ ਘਰੇਲੂ ਹਵਾ ਦੇ ਪ੍ਰਦੂਸ਼ਣ ਅਤੇ ਗਰੀਬ ਸ਼ਹਿਰੀ ਹਵਾ ਦੀ ਗੁਣਵੱਤਾ ਸੂਚੀਬੱਧ ਕੀਤੀ ਗਈ ਹੈ। 2014 ਦੀ ਵਰਲਡ ਹੈਲਥ ਆਰਗੇਨਾਈਜੇਜ਼ ਦੀ ਰਿਪੋਰਟ ਦੇ ਅਨੁਸਾਰ 2012 ਵਿਚ ਹਵਾ ਦੇ ਪ੍ਰਦੂਸ਼ਣ ਨੇ ਦੁਨੀਆ ਭਰ ਵਿਚ ਤਕਰੀਬਨ 7 ਮਿਲੀਅਨ ਲੋਕਾਂ ਦੀ ਮੌਤ ਦਾ ਅੰਦਾਜ਼ਾ ਲਾਇਆ, ਜੋ ਇਕ ਅੰਦਾਜ਼ੇ ਅਨੁਸਾਰ ਅੰਤਰਰਾਸ਼ਟਰੀ ਊਰਜਾ ਏਜੰਸੀ ਦੁਆਰਾ ਦੁਹਰਾਇਆ ਜਾਂਦਾ ਹੈ। ਹਵਾ ਪ੍ਰਦੂਸ਼ਿਕ ਇੱਕ ਹਵਾ ਵਿੱਚ ਇੱਕ ਸਾਮੱਗਰੀ ਹੈ ਜੋ ਮਨੁੱਖਾਂ ਅਤੇ ਪ੍ਰਿਆ-ਪ੍ਰਣਾਲੀ 'ਤੇ ਮਾੜਾ ਅਸਰ ਪਾ ਸਕਦੀ ਹੈ। ਇਹ ਪਦਾਰਥ ਠੋਸ ਕਣਾਂ, ਤਰਲ ਬੂੰਦਾਂ, ਜਾਂ ਗੈਸ ਹੋ ਸਕਦਾ ਹੈ। ਇੱਕ ਪ੍ਰਦੂਸ਼ਿਤ ਕੁਦਰਤੀ ਮੂਲ ਜਾਂ ਆਦਮੀ ਦੁਆਰਾ ਬਣਾਈ ਕੀਤੀ ਜਾ ਸਕਦੀ ਹੈ। ਪ੍ਰਦੂਸ਼ਣਕਾਂ ਨੂੰ ਪ੍ਰਾਇਮਰੀ ਜਾਂ ਸੈਕੰਡਰੀ ਤੌਰ ਤੇ ਸ਼੍ਰੇਣੀਬੱਧ ਕੀਤਾ ਗਿਆ ਹੈ। ਪ੍ਰਾਇਮਰੀ ਪ੍ਰਦੂਸ਼ਕ ਆਮ ਕਰਕੇ ਇੱਕ ਪ੍ਰਕਿਰਿਆ ਤੋਂ ਪੈਦਾ ਹੁੰਦੇ ਹਨ, ਜਿਵੇਂ ਕਿ ਜਵਾਲਾਮੁਖੀ ਫਟਣ ਤੋਂ ਅਸਥੀਆਂ ਹੋਰ ਉਦਾਹਰਣਾਂ ਵਿੱਚ ਕਾਰਬਨ **ਮੋਨੋਆਕਸਾਈਡ** ਗੈਸ ਮੋਟਰ ਵਾਹਨ ਐਕਸਹਾਜ, ਜਾਂ ਕਾਰਖਾਨੇ ਤੋਂ ਜਾਰੀ ਕੀਤੇ ਗਏ **ਸਲਫਰ ਡਾਈਆਕਸਾਈਡ** ਸ਼ਾਮਲ ਹਨ। ਸੈਕੰਡਰੀ ਪ੍ਰਦੂਸ਼ਕਾਂ ਨੂੰ ਸਿੱਧਾ ਸਿੱਧ ਨਹੀਂ ਕੀਤਾ ਜਾਂਦਾ ਇਸਦੇ ਉਲਟ, ਜਦੋਂ ਪ੍ਰਾਇਮਰੀ ਪ੍ਰਦੂਸ਼ਿਤਤਾ ਪ੍ਰਤੀਕਿਰਿਆ ਕਰਦੇ ਜਾਂ ਉਹਨਾਂ ਨਾਲ ਗੱਲਬਾਤ ਕਰਦੇ ਹਨ ਤਾਂ ਉਹ ਹਵਾ ਵਿੱਚ ਬਣ ਜਾਂਦੇ ਹਨ। ਗਰਾਊਂਡ ਪੱਧਰ ਦਾ **ਓਜ਼ੋਨ** ਇੱਕ ਸੈਕੰਡਰੀ ਪ੍ਰਦੂਸ਼ਿਤ ਦਾ ਇੱਕ ਪ੍ਰਮੁੱਖ ਉਦਾਹਰਣ ਹੈ। ਕੁਝ ਪ੍ਰਦੂਸ਼ਕ ਪ੍ਰਾਇਮਰੀ ਅਤੇ ਸੈਕੰਡਰੀ ਦੋਵੇਂ ਹੋ ਸਕਦੇ ਹਨ: ਇਹ ਦੋਵੇਂ ਸਿੱਧਾ ਸਿੱਧੇ ਨਿਕਲਦੇ ਹਨ ਅਤੇ ਹੋਰ ਪ੍ਰਾਇਮਰੀ ਪ੍ਰਦੂਸ਼ਕਾਂ ਤੋਂ ਬਣਦੇ ਹਨ। ਹਵਾ ਪ੍ਰਦੂਸ਼ਣ, ਪ੍ਰਦੂਸ਼ਣ ਨਾਲ ਸੰਬੰਧਤ ਰੋਗਾਂ ਅਤੇ ਸਿਹਤ ਦੇ ਸਥਿਤੀਆਂ, ਜੋ ਕਿ ਸਾਹ ਪ੍ਰਣਾਲੀ ਦੀ ਲਾਗ, ਦਿਲ ਦੀ ਬਿਮਾਰੀ, ਸੀਓਪੀਡੀ, ਸਟ੍ਰੋਕ ਅਤੇ ਫੇਫੜੇ ਦੇ ਕੈਂਸਰ ਸਮੇਤ ਕਈ ਪ੍ਰਭਾਵਾਂ ਲਈ ਮਹੱਤਵਪੂਰਣ ਜੋਖਮ ਕਾਰਕ ਹੈ। ਹਵਾ ਦੇ ਪ੍ਰਦੂਸ਼ਣ ਕਾਰਨ ਸਿਹਤ ਪ੍ਰਭਾਵਾਂ ਦੇ ਕਾਰਨ ਸਾਹ ਲੈਣ ਵਿੱਚ ਮੁਸ਼ਕਲ, ਘਰਘਰਾਹਟ, ਖਾਂਸੀ, ਦਮਾ ਅਤੇ ਮੌਜੂਦਾ ਸਾਹ ਦੀ ਅਤੇ ਖਿਰਦੇ ਦੀਆਂ ਬਿਮਾਰੀਆਂ ਦੇ ਵਿਗੜਨਾ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਪ੍ਰਭਾਵਾਂ ਦੇ ਨਤੀਜੇ ਵਜੋਂ ਦਵਾਈਆਂ ਦੀ ਵੱਧਦੀ ਵਰਤੋਂ, ਡਾਕਟਰ ਜਾਂ ਐਮਰਜੈਂਸੀ ਵਿਭਾਗ ਦੇ ਦੌਰੇ, ਹਸਪਤਾਲਾਂ ਦੇ ਹੋਰ ਦਾਖ਼ਲੇ ਅਤੇ ਸਮੇਂ ਤੋਂ ਪਹਿਲਾਂ ਦੀ ਮੌਤ ਹੋ ਸਕਦੀ ਹੈ। ਗੰਦੀ ਹਵਾ ਦੀ ਕੁਆਲਟੀ ਦੇ ਮਨੁੱਖੀ ਸਿਹਤ ਪ੍ਰਭਾਵ ਅਜੇ ਤੱਕ ਨਹੀਂ ਪਹੁੰਚ ਰਹੇ ਹਨ, ਪਰ ਮੁੱਖ ਤੌਰ ਤੇ ਸਰੀਰ ਦੇ ਸਾਹ ਪ੍ਰਣਾਲੀ ਅਤੇ ਕਾਰਡੀਓਵੈਸਕੁਲਰ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ। ਹਵਾ ਪ੍ਰਦੂਸ਼ਿਤ ਕਰਨ ਵਾਲੇ ਵਿਅਕਤੀਗਤ ਪ੍ਰਤਿਕਿਰਿਆਵਾਂ ਵਿਅਕਤੀ ਦੇ ਪ੍ਰਦੂਸ਼ਿਤ ਪ੍ਰਦਾਤਿਆਂ, ਐਕਸਪੋਜਰ ਦੀ ਡਿਗਰੀ, ਅਤੇ ਵਿਅਕਤੀ ਦੀ ਸਿਹਤ ਸਥਿਤੀ ਅਤੇ ਜੈਨੇਟਿਕਸ ਦੀ ਕਿਸਮ ਤੇ ਨਿਰਭਰ ਕਰਦੇ ਹਨ। ਹਵਾ ਪ੍ਰਦੂਸ਼ਣ ਦੇ ਸਭ ਤੋਂ ਵੱਧ ਆਮ ਸਰੋਤਆਂ ਵਿੱਚ ਵਸਤੂਆਂ, ਓਜ਼ੋਨ, ਨਾਈਟ੍ਰੋਜਨ ਡਾਈਆਕਸਾਈਡ, ਅਤੇ ਸਲਫਰ ਡਾਈਆਕਸਾਈਡ ਸ਼ਾਮਲ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਰਹਿਣ ਵਾਲੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਇਨਡੋਰ ਅਤੇ ਬਾਹਰੀ ਹਵਾ ਪ੍ਰਦੂਸ਼ਣ ਦੇ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਦੇ ਮਾਮਲੇ ਵਿਚ ਸਭ ਤੋਂ ਕਮਜ਼ੋਰ ਜਨਸੰਖਿਆ ਹੈ। ਇਸ ਲਈ ਸਾਡਾ ਸਭ ਦਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਵੱਖ ਵੱਖ ਪ੍ਰਦੂਸ਼ਣ ਕਾਰਕਾਂ ਦੀ ਘੱਟ ਤੋਂ ਘੱਟ ਵਰਤੋਂ ਕਰਕੇ ਪ੍ਰਦੂਸ਼ਣ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੀਏ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਈਏ। ਵੱਧ ਤੋਂ ਵੱਧ ਦਰਖਤ ਲਗਾ ਕੇ ਵੀ ਅਸੀਂ ਆਪਣੇ ਵਾਤਾਵਰਣ ਨੂੰ ਸ਼ੁੱਧ ਅਤੇ ਹਰਿਆ ਭਰਿਆ ਕਰ ਸਕਦੇ ਹਾਂ। ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਪ੍ਰਦੂਸ਼ਣ ਕਰਕੇ ਨਹੀਂ ਸਗੋਂ ਸਾਫ ਵਾਤਾਵਰਣ ਕਰਕੇ ਯਾਦ ਕਰਿਆ ਕਰਣਗੀਆਂ। (565 ਸ਼ਬਦ)

# ਅਭਿਆਸ 19.

ਸ਼ਰੀਨਿਵਾਸ ਰਾਮਾਨੁਜਨ ਆਇੰਗਰ (22 ਦਸੰਬਰ 1887 – 26 ਅਪਰੈਲ 1920) ਇੱਕ ਮਹਾਨ ਭਾਰਤੀ ਹਿਸਾਬਦਾਨ ਸੀ। ਉਸ ਨੂੰ ਆਧੁਨਿਕ ਕਾਲ ਦੇ ਮਹਾਨ ਹਿਸਾਬਦਾਨਾਂ ਵਿੱਚ ਗਿਣਿਆ ਜਾਂਦਾ ਹੈ। ਬੇਸ਼ੱਕ ਉਸ ਨੂੰ ਹਿਸਾਬ ਵਿੱਚ ਵਿਹਾਰਕ ਵਿਦਿਆ ਲੈਣ ਦਾ ਮੌਕਾ ਨਹੀਂ ਮਿਲਿਆ ਫਿਰ ਵੀ ਉਸ ਨੇ ਵਿਸ਼ਲੇਸ਼ਣ ਅਤੇ ਗਿਣਤੀ ਸਿਧਾਂਤ ਦੇ ਖੇਤਰਾਂ ਵਿੱਚ ਅਹਿਮ ਯੋਗਦਾਨ ਪਾਇਆ। ਉਸ ਨੇ ਆਪਣੀ ਪ੍ਰਤਿਭਾ ਅਤੇ ਲਗਨ ਨਾਲ ਨਾ ਕੇਵਲ ਹਿਸਾਬ ਦੇ ਖੇਤਰ ਵਿੱਚ ਨਵੇਂ ਅਵਿਸ਼ਕਾਰ ਕੀਤੇ ਸਗੋਂ ਭਾਰਤ ਨੂੰ ਬੇਜੋੜ ਗੌਰਵ ਵੀ ਪ੍ਰਦਾਨ ਕੀਤਾ। ਉਸ ਨੇ ਆਪਣੇ ਆਪ ਹੀ ਹਿਸਾਬ ਸਿੱਖਿਆ ਅਤੇ ਆਪਣੇ ਜੀਵਨ ਵਿੱਚ ਹਿਸਾਬ ਦੇ 3,900 ਨਤੀਜਿਆਂ ਦਾ ਸੰਕਲਨ ਕੀਤਾ। ਸ੍ਰੀਨਿਵਾਸ ਰਾਮਾਨੁਜਨ ਆਇੰਗਰ ਦਾ ਜਨਮ ਸ਼ਹਿਰ ਇਰੋਡ ਵਿੱਚ ਉਸ ਦੇ ਨਾਨਕਿਆਂ ਦੇ ਘਰ 22 ਦਸੰਬਰ 1887 ਨੂੰ ਹੋਇਆ। ਉਸ ਵੇਲੇ 15,000 ਦੀ ਵਸੋਂ ਵਾਲਾ ਸ਼ਹਿਰ ਇਰੋਡ ਮਦਰਾਸ ਤੋਂ ਦੱਖਣ-ਪੱਛਮ ਵਿੱਚ 250 ਮੀਲ ਦੂਰ ਸਥਿਤ ਸੀ। ਉਸ ਦੇ ਪਿਤਾ ਦਾ ਨਾਂ ਸ੍ਰੀਨਿਵਾਸ ਅਤੇ ਮਾਤਾ ਦਾ ਨਾਂ ਕੋਮਲਤਾਮਲ ਸੀ।ਉਹ ਆਪਣੇ ਅਧਿਆਪਕ ਨੂੰ ਇਸ ਤਰ੍ਹਾਂ ਦੇ ਸੁਆਲ ਪੁੱਛਿਆ ਕਰਦਾ ਸੀ, ਦੁਨੀਆ ਵਿੱਚ ਪਹਿਲਾ ਆਦਮੀ ਕੌਣ ਸੀ? ਜਾਂ ਧਰਤੀ ਤੋਂ ਬੱਦਲ ਕਿੰਨੀ ਦੂਰ ਹਨ? ਨਵੰਬਰ 1897 ਵਿੱਚ ਕਰੀਬ 10 ਸਾਲ ਦੀ ਉਮਰ ਵਿੱਚ ਉਸ ਨੇ ਕਾਂਗਿਆਨ ਪ੍ਰਾਇਮਰੀ ਸਕੂਲ ਤੋਂ ਪ੍ਰਾਇਮਰੀ ਦਾ ਇਮਤਿਹਾਨ ਪਾਸ ਕੀਤਾ। ਇਸ ਇਮਤਿਹਾਨ ਵਿੱਚ ਉਸ ਨੇ ਅੰਗ੍ਰੇਜ਼ੀ, ਤਾਮਿਲ, ਹਿਸਾਬ ਅਤੇ ਭੂਗੋਲ ਦੇ ਵਿਸ਼ਿਆਂ ਦਾ ਇਮਤਿਹਾਨ ਦਿੱਤਾ ਅਤੇ ਜ਼ਿਲ੍ਹੇ ਵਿੱਚੋਂ ਫਸਟ ਆਇਆ। ਸੰਨ 1904 ਵਿੱਚ ਹਾਈ ਸਕੂਲ ਪਾਸ ਕਰਨ ਸਮੇਂ ਹੋਏ ਇਕ ਸਮਾਗਮ ਵਿੱਚ ਰਾਮਾਨੁਜਨ ਨੂੰ ਹਿਸਾਬ ਵਿੱਚ ਕੇ. ਰੰਗਾਨਾਥਾ ਰਾਓ ਇਨਾਮ ਦਿੱਤਾ ਗਿਆ। ਇਸ ਸਮਾਗਮ ਵਿੱਚ ਬੋਲਦਿਆਂ ਸਕੂਲ ਦੇ ਹੈੱਡਮਾਸਟਰ ਕ੍ਰਿਸ਼ਨਾਸਵਾਮੀ ਅਇਅਰ ਨੇ ਕਿਹਾ ਕਿ ਰਾਮਾਨੁਜਨ ਨੂੰ ਸੌ ਵਿੱਚੋਂ ਸੌ ਨੰਬਰ ਦਿੱਤੇ ਜਾਣਾ ਉਸ ਦੀ ਕਾਬਲੀਅਤ ਦਾ ਸਹੀ ਮੁੱਲ ਨਹੀਂ। ਉਸ ਨੂੰ ਇਸ ਤੋਂ ਵੱਧ ਨੰਬਰ ਮਿਲਣੇ ਚਾਹੀਦੇ ਹਨ।ਸੰਨ 1904 ਵਿੱਚ ਰਾਮਾਨੁਜਨ ਕੁੰਬਾਕੋਨਮ ਦੇ ਸਰਕਾਰੀ ਕਾਲਜ ਵਿੱਚ ਦਾਖਲ ਹੋ ਗਿਆ। ਹਾਈ ਸਕੂਲ ਦੀ ਵਧੀਆ ਕਾਰਗੁਜਾਰੀ ਕਾਰਨ ਉਸ ਨੂੰ ਕਾਲਜ ਵਿੱਚ ਵਜ਼ੀਫਾ ਦਿੱਤਾ ਗਿਆ।ਇਸ ਸਮੇਂ ਤੱਕ ਰਾਮਾਨੁਜਨ ਦਾ ਵਾਹ ਜੀ. ਐੱਸ. ਕਾਰ ਦੀ ਲਿਖੀ ਕਿਤਾਬ ਏ ਸਨੋਪਸਿਸ ਆਫ ਐਲੀਮੈਂਟਰੀ ਰਿਜ਼ਲਟਸ ਇਨ ਪਿਊਰ ਐਂਡ ਅਪਲਾਈਡ ਮੈਥੇਮੈਟਿਕਸ ਨਾਲ ਪੈ ਚੁੱਕਾ ਸੀ। ਕਾਰ ਦੀ ਇਸ ਕਿਤਾਬ ਵਿੱਚ ਮੁੱਖ ਤੌਰ 'ਤੇ 5 ਕੁ ਹਜ਼ਾਰ ਦੇ ਕਰੀਬ ਸਮੀਕਰਣ (ਇਕੁਏਸ਼ਨਜ਼), ਥਿਊਰਮਾਂ, ਫਾਰਮੂਲੇ, ਰੇਖਾ-ਗਣਿਤ (ਜਿਉਮੈਟਰੀ) ਦੇ ਚਿੱਤਰ, ਅਤੇ ਹਿਸਾਬ ਦੇ ਹੋਰ ਤੱਥ, ਅਲਜਬਰੇ ਦੇ ਫਾਰਮੂਲੇ, ਟ੍ਰਿਗਨੇਮੈਟਰੀ ਅਤੇ ਕੈਲਕਲੱਸ ਦੇ ਸਵਾਲ ਆਦਿ ਦਿੱਤੇ ਹੋਏ ਸਨ। ਰਾਮਾਨੁਜਨ ਇਹਨਾਂ ਥਿਊਰਮਾਂ, ਫਾਰਮੂਲਿਆਂ ਆਦਿ ਨੂੰ ਹੱਲ ਕਰਨ, ਇਨ੍ਹਾਂ ਤੋਂ ਅਗਾਂਹ ਜਾ ਕੇ ਹੋਰ ਫਾਰਮੂਲੇ, ਥਿਊਰਮਾਂ ਲੱਭਣ/ਘੜਨ ਵਿੱਚ ਪੂਰੀ ਤਰ੍ਹਾਂ ਮਗਨ ਰਹਿਣ ਲੱਗ ਪਿਆ। ਹਿਸਾਬ ਤੇ ਸਿਰਫ ਹਿਸਾਬ ਹੀ ਉਸ ਦੀ ਦਿਲਚਸਪੀ ਦਾ ਕੇਂਦਰ ਰਹਿ ਗਿਆ। ਬਾਕੀ ਸਭ ਕੁਝ ਉਸ ਨੂੰ ਫਜ਼ੂਲ ਅਤੇ ਅਕਾਊ ਲੱਗਦਾ।ਇਕ ਸਾਲ ਬਾਅਦ ਕਾਲਜ ਦੀ ਪੜ੍ਹਾਈ ਪੂਰੀ ਕਰਨ ਲਈ ਉਹ ਮਦਰਾਸ ਦੇ ਪਾਸ਼ਿਆਪਾ ਕਾਲਜ ਵਿੱਚ ਦਾਖਲ ਹੋ ਗਿਆ। ਪਰ ਇੱਥੇ ਵੀ ਛੇਤੀ ਹੀ ਉਸ ਦੀ ਪੁਰਾਣੀ ਸਮੱਸਿਆ ਉਸ ਦੇ ਸਾਹਮਣੇ ਆ ਖੜ੍ਹੀ ਹੋਈ। ਹਿਸਾਬ ਤੋਂ ਬਿਨਾਂ ਬਾਕੀ ਦੇ ਸਾਰੇ ਵਿਸ਼ਿਆਂ ਵਿੱਚ ਉਸ ਦੀ ਕਾਰਗੁਜਾਰੀ ਮਾੜੀ ਰਹੀ। ਪਰ ਇਸ ਸਭ ਦੇ ਬਾਵਜੂਦ ਵੀ ਉਸ ਨੇ ਆਪਣਾ ਮੈਥੇਮੈਟਿਕਸ ਨਾਲ ਪਿਆਰ ਨਾ ਛੱਡਿਆ ਅਤੇ ਗਣਿਤ ਵਿਸ਼ੇ ਵਿੱਚ ਆਪਣੇ ਸ਼ਾਲਾਘਯੋਗ ਕੰਮ ਕਰਕੇ ਕਾਫੀ ਵਜ਼ੀਫੇ ਹਾਸਲ ਕੀਤੇ। ਇਸ ਤੋਂ ਬਾਅਦ ਉਸ ਨੇ ਕੈਂਬਰਿਜ ਯੂਨੀਵਰਸਿਟੀ ਦੇ ਹਿਸਾਬਦਾਨ ਐਚ. ਹਾਰਡੀ ਨਾਲ ਸੰਪਰਕ ਕਰਕੇ ਉਸ ਨੂੰ ਆਪਣਾ ਕੰਮ ਦਿਖਾਇਆ। 17 ਮਾਰਚ 1914 ਨੂੰ ਰਾਮਾਨੁਜਨ ਮਦਰਾਸ ਤੋਂ ਐੱਸ ਐੱਸ ਨੇਵਾਸਾ ਨਾਂ ਦੇ ਸਮੁੰਦਰੀ ਜਹਾਜ਼ 'ਤੇ ਇੰਗਲੈਂਡ ਲਈ ਰਵਾਨਾ ਹੋ ਗਿਆ। ਅਤੇ ਵਿਦੇਸ਼ ਵਿੱਚ ਵੀ ਆਪਣੇ ਕੰਮ ਦੇ ਸਕਦਾ ਉਸਨੂੰ ਕੈਂਬਰਿਜ ਯੂਨੀਵਰਸਿਟੀ ਤੋਂ ਕਾਫ਼ੀ ਵਜ਼ੀਫੇ ਮਿਲੇ ਅਤੇ ਰੋਇਲ ਸੁਸਾਇਟੀ ਦੀ ਫੈਲੋਸ਼ਿਪ ਅਤੇ ਟਰੀਨਿਟੀ ਦੀ ਫੈਲੋਸ਼ਿਪ ਵਰਗੇ ਕਾਫੀ ਮਹਾਨ ਅਹੁਦੇ ਵੀ ਮਿਲੇ। ਪਰ ਵਿਦੇਸ਼ ਵਿੱਚ ਉਸਦੀ ਸਿਹਤ ਖਰਾਬ ਹੋਣ ਕਾਰਨ ਉਸ ਨੂੰ ਦੇਸ਼ ਪਰਤਣਾ ਪਿਆ। ਖਾਰਬ ਸਿਹਤ ਦੇ ਚਲਦਿਆਂ ਵੀ ਉਸਨੇ ਆਪਣਾ ਕੰਮ ਜਾਰੀ ਰੱਖਿਆ। ਭਾਰਤ ਵਿੱਚ ਪਹੁੰਚਣ ਤੋਂ ਬਾਅਦ ਰਾਮਾਨੁਜਨ ਨੇ ਸਾਰਾ ਸਾਲ ਮੌਕ ਥੀਟਾ ਫੰਕਸ਼ਨ 'ਤੇ ਕੰਮ ਕੀਤਾ ਅਤੇ ਇਸ ਸੰਬੰਧ ਵਿੱਚ 650 ਦੇ ਕਰੀਬ ਫਾਰਮੂਲੇ ਇਜਾਦ ਕੀਤੇ। 26 ਅਪ੍ਰੈਲ 1920 ਨੂੰ ਉਸ ਦੀ ਮੌਤ ਹੋ ਗਈ। ਉਸ ਸਮੇਂ ਉਸ ਦੀ ਉਮਰ 32 ਸਾਲ ਸੀ। (602 ਸ਼ਬਦ)

# ਅਭਿਆਸ 20.

ਲੈਣਾ ਚਾਹੁੰਦੇ ਹੋ ਤਾਂ ਅਸ਼ੀਰਵਾਦ ਲਵੋ।

ਮਾਰਣਾ ਚਾਹੁੰਦੇ ਹੋ ਤਾਂ ਬੁਰੀਆਂ ਆਦਤਾਂ ਨੂੰ ਮਾਰੋ।

ਖਾਣਾ ਚਾਹੁੰਦੇ ਹੋ ਤਾਂ ਕਰੋਧ ਨੂੰ ਖਾਓ।

ਕਰਨਾ ਚਾਹੁੰਦੇ ਹੋ ਤਾਂ ਦੁਖੀਆਂ ਦੀ ਸੇਵਾ ਕਰੋ।

ਜੇ ਰੱਬ ਨਾਲ ਪ੍ਰੇਮ ਨਹੀਂ ਕਰਦੇ ਤਾਂ ਰੱਬ ਦੇ ਬੰਦਿਆਂ ਨਾਲ ਪ੍ਰੇਮ ਕਰੋ।

ਪਾਪ ਤੋਂ ਬਚੋ ਪੁੰਨਾਂ ਨੂੰ ਵਧਾਓ, ਹਉਮੇ ਨੂੰ ਘਟਾਓ।

ਧਰਮ ਦੀ ਕਿਰਤ ਕਰੋ ਤਾਂ ਸੇਵਾ ਪ੍ਰਵਾਨ ਹੋਵੇਗੀ।

ਕਰਾਮਾਤਾਂ ਦਿਖਾਣਾ ਸਿੱਧਾਂ ਦਾ ਕੰਮ ਹੈ ਸਿੱਖਾਂ ਦਾ ਨਹੀਂ।

ਦੂਜਿਆਂ ਦਾ ਹੱਕ ਮਾਰ ਕੇ ਸੇਵਾ ਕਰਨੀ ਚੋਰੀ ਹੈ।

ਵਿੱਦਿਆਂ ਤੋਂ ਬਿਨਾਂ ਬੰਦਾ ਮਿੱਟੀ ਦੀ ਕੰਧ ਵਾਂਗ ਹੈ।

ਭਾਵਨਾ ਵਾਲਿਆਂ ਦੇ ਬੇੜੇ ਪਾਰ ਹੁੰਦੇ ਹਨ।

ਜਿਤਨਾ ਗੁਰੂ ਦਾ ਆਦਰ ਕਰੋਗੇ ਉਤਨੀ ਹੀ ਸੁਮੱਤ ਮਿਲੇਗੀ।

ਔਖੇ ਵੇਲੇ ਜਰੂਰਤਾਂ ਘੱਟ ਕਰ ਦੇਵੋ।

ਦਾਨ ਕਰਕੇ ਮਾਣ ਨਾ ਕਰੋ।

ਇੱਕ ਵੀ ਮਾੜਾ ਪੈਸਾ ਸਾਰੀ ਕਮਾਈ ਭਰਿਸ਼ਟ ਕਰ ਦਿੰਦਾ ਹੈ।

ਸਿੱਖ! ਪਰਿਵਾਰ ਸਹਿਤ ਅੰਮ੍ਰਿਤ ਛਕੋ ਤੇ ਰਹਿਤ ਰੱਖੋ।

ਪ੍ਰੇਮੀਓ ਜੀਵਨ ਬਣਾਓ, ਮੁਕਤੀ ਤਾਂ ਤੁਹਾਡੇ ਪੈਰ ਚੁੰਮੇਗੀ।

ਦੂਜੇ ਦਾ ਹੱਕ ਮਾਰ ਕੇ ਖਾਣਾ ਲਹੂ ਖਾਣਾ ਹੈ।

ਦਾਨ ਨਾਲ ਧੰਨ ਵਿੱਚ ਕਮੀ ਨਹੀਂ ਆਉਂਦੀ।

ਝੂਠ ਧੰਨ ਨੂੰ ਖਾ ਜਾਂਦਾ ਹੈ।

ਚਿੰਤਾ ਉਮਰ ਨੂੰ ਘਟਾ ਦਿੰਦੀ ਹੈ।

ਸਭ ਤੋਂ ਚੰਗਾ ਦਾਨ ਖਿਮਾਂ ਦਾ ਦਾਨ ਹੈ।

ਸਭ ਤੋਂ ਬਹਾਦਰ ਬਦਲਾ ਨਾ ਲੈਣ ਵਾਲਾ ਹੈ।

ਰਿਸ਼ਵਤ ਇਨਸਾਫ ਨੂੰ ਖਾ ਜਾਂਦੀ ਹੈ।

ਪਛਤਾਵਾ ਪਾਪ ਨੂੰ ਧੋ ਦਿੰਦਾ ਹੈ।

ਨਿੰਦਿਆ ਨਾਲ ਸਭ ਕਰਮ ਨਸ਼ਟ ਹੋ ਜਾਂਦੇ ਹਨ।

ਗਿਆਨ ਤੋਂ ਵੱਧ ਕੋਈ ਦੌਲਤ ਨਹੀਂ।

ਨਿੰਦਿਆ ਕਰਨਾ ਤਾਂ ਦੂਸਰੇ ਦਾ ਗੰਦ ਆਪਣੇ ਸਿਰ ਚੁੱਕਣਾ ਹੈ।

ਕਸੂਰ ਦੀ ਸਜ਼ਾ ਜਰੂਰ ਮਿਲਦੀ ਹੈ ਭਾਵੇਂ ਕਸੂਰ ਪਿਛਲੇ ਜਨਮ ਦਾ ਹੋਵੇ।

ਵਿਹਾਰ ਸ਼ੁੱਧ, ਬੋਲ ਮਿੱਠਾ ਅਤੇ ਆਚਰਨ ਸ਼ੁੱਧ ਰੱਖੋ।

ਕਿਸੇ ਦਾ ਭਲਾ ਨਹੀਂ ਕਰ ਸਕਦੇ ਤਾਂ ਕਿਸੇ ਦਾ ਬੁਰਾ ਵੀ ਨਾ ਕਰੋ

“ਕਿ ਚੱਲਦਾ ਰਹਿ, ਕਦਮ ਤੇਰੇ ਚੱਲਣੇ ਨੂੰ ਲੋਚਦੇ ਨੇ
ਇਹ ਖ਼ਾਬ ਤੇਰੇ, ਪਿੜ ਕੋਈ ਮੱਲਣੇ ਨੂੰ ਲੋਚਦੇ ਨੇ
ਇਹ ਚੱਲਣਾ, ਤੇਰੀ ਫਿਤਰਤ, ਜਾਰੀ ਰੱਖ ਇਸ ਨੂੰ
ਮਨ ਮਾਰ ਹੁੰਦੀ ਜੇ ਮਿਹਨਤ, ਮਾਰੀ ਰੱਖ ਇਸ ਨੂੰ
ਕਰਦਾ ਰਹਿ ਕੋਸ਼ਿਸ਼, ਜਿੱਤ ਮਿਲ ਕੇ ਰਹੂਗੀ
ਤੂੰ ਵਰ ਲਿਆ ਏ ਸੱਜਣਾ, ਤੈਨੂੰ ਆ ਕੇ ਕਹੂਗੀ
ਤੇਰੀ ਜਿੱਤ ਤੇ, ਤੇਰੇ ਆਪਣੇ ਖੁਸ਼ ਬੜੇ ਹੋਣਗੇ
ਜਦ ਮਿਹਨਤਾਂ ਦੇ ਸ਼ਿਖਰ, ਜਾ ਅੰਬਰਾਂ ਨੂੰ ਛੋਹਣਗੇ।”

ਗੁਰਵਿੰਦਰ ਸਿੰਘ

**Prepared By: *i*-SIGMA TYPING TUTOR**
**Address- Street No. 21 , Partap Nagar, Bathinda (Punjab)**
**Phone No.76963-02166**